Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
# ਖੇਤੀ ਦੁਨੀਆਂ
Rs.10/-
All Subject to Patiala Jurisdiction.
www.khetiduniyan.in

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 17-05-2025 • Vol.43 No.20 • Ph. : 0175-2214575, 90410-14575 • Page : 16 | E-mail : khetiduniyan1983@gmail.com

# 16 ਸਾਲਾਂ ਬਾਅਦ ਸਮੇਂ ਤੋਂ ਪਹਿਲਾਂ ਦਸਤਕ ਦੇਵੇਗਾ ਮੌਨਸੂਨ

## 27 ਮਈ ਨੂੰ ਕੇਰਲ ਪਹੁੰਚਣ ਦੀ ਸੰਭਾਵਨਾ, ਹਰ ਸਾਲ ਜੂਨ ਵਿੱਚ ਪਹੁੰਚਦਾ ਹੈ ਮੌਨਸੂਨ

**ਮੌਸਮ ਵਿਭਾਗ ਨੇ ਕੀਤੀ ਪਸ਼ੀਨਗੋਈ, 2009 ਤੋਂ ਬਾਅਦ ਹੋਵੇਗੀ ਸਭ ਤੋਂ ਛੇਤੀ ਆਮਦ**

ਭਾਰਤੀ ਅਰਥਚਾਰੇ ਅਤੇ ਕਿਸਾਨਾਂ ਲਈ ਚੰਗੀ ਖਬਰ ਹੈ ਕਿ ਇਸ ਵਾਰ ਮੌਨਸੂਨ ਦਾ ਇੰਤਜ਼ਾਰ ਲੰਬਾ ਨਹੀਂ ਕਰਨਾ ਪਵੇਗਾ। ਮੌਸਮ ਵਿਭਾਗ ਨੇ ਦੱਸਿਆ ਹੈ ਕਿ ਕੇਰਲ ਦੇ ਤੱਟਵਰਤੀ ਹਿੱਸੇ ਵਿੱਚ ਦੱਖਣ-ਪੱਛਮੀ ਮੌਨਸੂਨ ਦਾ ਦਾਖਲਾ 27 ਮਈ ਨੂੰ ਹੋ ਸਕਦਾ ਹੈ, ਜਿਹੜਾ ਪਿਛਲੇ ਸਾਲ ਦੀ ਤੁਲਨਾ ਵਿੱਚ ਤਿੰਨ ਦਿਨ ਪਹਿਲਾਂ ਹੈ। ਪਿਛਲੇ ਸਾਲ ਕੇਰਲ ਵਿੱਚ ਮੌਨਸੂਨ ਦੀ ਆਮਦ 30 ਮਈ ਨੂੰ ਹੋਈ ਸੀ। ਵੈਸੇ ਕੇਰਲ ਵਿੱਚ ਮੌਨਸੂਨ ਆਉਣ ਦੀ ਅਨੁਮਾਨਤ ਤਰੀਕ ਪਹਿਲੀ ਜੂਨ ਹੈ। ਜੇਕਰ ਅਨੁਮਾਨ ਮੁਤਾਬਕ ਮੌਨਸੂਨ ਕੇਰਲ ਪਹੁੰਚਿਆ ਤਾਂ ਇਹ 2009 ਤੋਂ ਬਾਅਦ ਸਭ ਤੋਂ ਛੇਤੀ ਆਮਦ ਹੋਵੇਗੀ। 2009 ਵਿੱਚ ਮੌਨਸੂਨ 23 ਮਈ ਨੂੰ ਕੇਰਲ ਪਹੁੰਚ ਗਿਆ ਸੀ। ਇਸ ਵਾਰ ਔਸਤ ਤੋਂ 105 ਫੀਸਦੀ ਬਾਰਿਸ਼ ਹੋਣ ਦਾ ਅਨੁਮਾਨ ਹੈ।



ਜੂਨ ਤੋਂ ਸਤੰਬਰ ਵਿਚਾਲੇ ਮੌਨਸੂਨ ਦੌਰਾਨ ਦੇਸ਼ ਭਰ ਵਿੱਚ ਵਰਖਾ ਦੀ ਸਥਿਤੀ ਦਾ ਬਿਓਰਾ ਪਹਿਲਾਂ ਹੀ ਦੇ ਦਿੱਤਾ ਗਿਆ ਹੈ। ਕੇਰਲ ਵਿੱਚ ਦਾਖਲੇ ਤੋਂ ਬਾਅਦ ਮੌਨਸੂਨ ਹੌਲੀ-ਹੌਲੀ ਅੱਗੇ ਵਧਦਾ ਹੈ ਅਤੇ ਮੱਧ ਜੁਲਾਈ ਤੱਕ ਪੂਰੇ ਦੇਸ਼ ਵਿੱਚ ਫੈਲ ਜਾਂਦਾ ਹੈ। ਅੱਧ ਸਤੰਬਰ ਤੋਂ ਮੌਨਸੂਨ ਦੀ ਉੱਤਰ ਪੱਛਮੀ ਭਾਰਤ ਤੋਂ ਵਾਪਸੀ ਹੋਣ ਲੱਗਦੀ ਹੈ ਅਤੇ ਇਹ 15 ਅਕਤੂਬਰ ਤੱਕ ਪੂਰੀ ਹੋ ਜਾਂਦੀ ਹੈ। ਮੌਸਮ ਵਿਭਾਗ ਨੇ ਦੱਸਿਆ ਕਿ 13 ਮਈ ਨੂੰ ਮੌਨਸੂਨ ਦੀ ਆਮਦ ਅੰਡੇਮਾਨ ਸਾਗਰ ਵਿੱਚ ਹੋ ਜਾਵੇਗੀ। ਉਸ ਤੋਂ ਬਾਅਦ ਸਥਿਤੀਆਂ ਜੇਕਰ ਅਨੁਕੂਲ ਰਹੀਆਂ ਤਾਂ ਅਗਲੇ ਚਾਰ-ਪੰਜ ਦਿਨਾਂ ਵਿੱਚ ਅਰਬ ਸਾਗਰ, ਦੱਖਣੀ ਬੰਗਾਲ ਦੀ ਖਾੜੀ ਅਤੇ ਨਿਕੋਬਾਰ ਦੇ ਪੂਰੇ ਇਲਾਕੇ ਨੂੰ ਕਵਰ ਕਰ ਸਕਦਾ ਹੈ।

ਆਮ ਤੌਰ 'ਤੇ 96 ਤੋਂ 104 ਫੀਸਦੀ ਵਿਚਾਲੇ ਮੌਨਸੂਨ ਦੀ ਬਾਰਿਸ਼ ਨੂੰ ਆਮ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ 90 ਫੀਸਦੀ ਤੋਂ ਘੱਟ ਬਾਰਿਸ਼ ਨੂੰ ਘੱਟ ਅਤੇ 105 ਫੀਸਦੀ ਤੋਂ ਵੱਧ ਨੂੰ ਜ਼ਿਆਦਾ ਮੰਨਿਆ ਜਾਂਦਾ ਹੈ। ਮੌਸਮ ਵਿਗਿਆਨੀਆਂ ਨੇ ਦੱਸਿਆ ਕਿ ਮੌਨਸੂਨ ਦੀ ਆਮਦ ਦੀ ਤਰੀਕ ਤੇ ਪੂਰੇ ਮੌਨਸੂਨ ਮੌਸਮ ਦੌਰਾਨ ਦੇਸ਼ ਭਰ ਵਿੱਚ ਕੁੱਲ ਵਰਖਾ ਵਿਚਾਲੇ ਕੋਈ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ, ਕੇਰਲ ਵਿੱਚ ਮੌਨਸੂਨ ਦੇ ਛੇਤੀ ਜਾਂ ਦੇਰੀ ਨਾਲ ਆਉਣ ਦਾ ਇਹ ਮਤਲਬ ਨਹੀਂ ਹੈ ਕਿ ਇਹ ਉਸੇ ਮੁਤਾਬਕ ਦੇਸ਼ ਭਰ ਵਿੱਚ ਛਾ ਜਾਵੇਗਾ। ਵਿਚਾਲੇ ਵੀ ਮੌਸਮ ਦੀਆਂ ਸਥਿਤੀਆਂ ਅਤੇ ਹਵਾ ਦੀ ਦਿਸ਼ਾ-ਗਤੀ ਦੇ ਹਿਸਾਬ ਨਾਲ ਇਸ ਦਾ ਰਸਤਾ ਰੁਕਦਾ ਹੈ। ਪਿਛਲੇ ਸਾਲ ਵੀ ਕੇਰਲ ਵਿੱਚ ਅੰਦਾਜ਼ੇ ਤੋਂ ਇੱਕ ਦਿਨ ਪਹਿਲਾਂ ਆਉਣ ਤੋਂ ਬਾਅਦ ਵੀ ਮੌਨਸੂਨ ਆਪਣੀ ਦਿਸ਼ਾ ਭਟਕ ਗਿਆ ਸੀ ਅਤੇ ਇੱਕ ਲੰਬੀ ਬ੍ਰੇਕ ਤੋਂ ਬਾਅਦ ਅੱਗੇ ਵੱਧ ਪਾਇਆ ਸੀ। ਮੌਸਮ ਵਿਭਾਗ ਨੇ ਅਪ੍ਰੈਲ ਵਿੱਚ 2025 ਦੇ ਮੌਨਸੂਨ ਮੌਸਮ ਵਿੱਚ ਆਮ ਤੋਂ ਵੱਧ ਵਰਖਾ ਦਾ ਅੰਦਾਜ਼ਾ ਲਾਇਆ ਸੀ ਅਤੇ ਅਲ ਲੀਨੋ ਦੇ ਅਸਰ ਦੀ ਸੰਭਾਵਨਾ ਤੋਂ ਇਨਕਾਰ ਕੀਤਾ ਸੀ। ਅਲ ਨੀਨੋ ਪ੍ਰਭਾਵ ਦੀ ਵਜ੍ਹਾ ਨਾਲ ਭਾਰਤੀ ਉਪ-ਮਹਾਦੀਪ ਵਿੱਚ ਆਮ ਤੋਂ ਘੱਟ ਵਰਖਾ ਹੁੰਦੀ ਹੈ। ਧਰਤੀ ਵਿਗਿਆਨ ਮੰਤਰਾਲੇ ਦੇ ਸਕੱਤਰ ਐਮ. ਰਵੀਚੰਦਰਨ ਦਾ ਕਹਿਣਾ ਸੀ ਕਿ ਇਸ ਸਾਲ ਲੰਬਚਿਰੀ ਔਸਤ (87 ਸੈਂਟੀਮੀਟਰ) ਦੀ 105 ਫੀਸਦੀ ਵਰਖਾ ਹੋਣ ਦੀ ਸੰਭਾਵਨਾ ਹੈ।

# ਝੋਨੇ ਦੀ ਸਿੱਧੀ ਬਿਜਾਈ ਤੋਂ ਪਹਿਲਾਂ ਵੀ ਕਰੀਏ ਚੂਹਿਆਂ ਦੀ ਰੋਕਥਾਮ

ਕਣਕ ਦੀ ਕਟਾਈ ਤੋਂ ਬਾਅਦ ਖਾਲੀ ਖੇਤਾਂ ਵਿੱਚ ਚੂਹਿਆਂ ਦੀਆਂ ਖੁੱਡਾਂ ਬੰਨਿਆਂ, ਖਾਲਿਆਂ ਅਤੇ ਆਲੇ-ਦੁਆਲੇ ਖਾਲੀ ਜਗ੍ਹਾ ਤੇ ਬੜੀ ਅਸਾਨੀ ਨਾਲ ਲੱਭੀਆਂ ਜਾ ਸਕਦੀਆਂ ਹਨ। ਸ਼ਾਮ ਨੂੰ ਚੂਹਿਆਂ ਦੀਆਂ ਸਾਰੀਆਂ ਖੁੱਡਾਂ ਦੇ ਮੂੰਹ ਬੰਦ ਕਰੋ ਤੇ ਅਗਲੇ ਦਿਨ ਤਾਜ਼ੀਆਂ ਖੁੱਲ੍ਹੀਆਂ ਖੁੱਡਾਂ ਵਿੱਚ 10-10 ਗ੍ਰਾਮ ਜ਼ਿੰਕ ਫ਼ਾਸਫ਼ਾਈਡ ਵਾਲੇ ਚੋਗ ਨੂੰ ਕਾਗਜ਼ ਦੀਆਂ ਢਿੱਲੀਆਂ ਪੁੜੀਆਂ ਵਿੱਚ ਤਕਰੀਬਨ 6 ਇੰਚ ਹਰ ਖੁੱਡ ਅੰਦਰ ਰੱਖੋ। ਢੱਕੀਆਂ ਖੁੱਡਾਂ ਵਾਲੇ ਚੂਹੇ ਦੀ ਖੁੱਡ ਉਪਰੋਂ ਧਿਆਨ ਨਾਲ ਮਿੱਟੀ ਹਟਾਓ ਅਤੇ ਖੁੱਡ ਵਿੱਚ ਡੂੰਘਾਈ 'ਤੇ ਜ਼ਹਿਰੀਲਾ ਚੋਗਾ ਰੱਖੋ। ਚੂਹਿਆਂ ਦਾ ਜ਼ਹਿਰੀਲੇ ਚੋਗ ਨੂੰ ਖਾਣਾ, ਜ਼ਹਿਰੀਲੇ ਚੋਗ ਵਿੱਚ ਵਰਤੇ ਗਏ ਦਾਣਿਆਂ ਦੀ ਕੁਆਲਿਟੀ, ਸੁਆਦ ਅਤੇ ਮਹਿਕ ਉੱਪਰ ਨਿਰਭਰ ਕਰਦਾ ਹੈ। ਇਸ ਲਈ ਜ਼ਹਿਰੀਲਾ ਚੋਗ ਹੇਠ ਲਿਖੀ ਵਿਧੀ ਨਾਲ ਬਣਾਓ :



**ਜ਼ਿੰਕ ਫ਼ਾਸਫ਼ਾਈਡ (2%) ਦਾ ਚੋਗ :** ਬਾਜਰਾ, ਜਵਾਰ ਜਾਂ ਕਣਕ ਦਾ ਦਰੜ ਜਾਂ ਇਨ੍ਹਾਂ ਸਾਰਿਆਂ ਅਨਾਜਾਂ ਦਾ ਮਿਸ਼ਰਣ 1 ਕਿਲੋ ਲਓ ਤੇ ਉਸ ਵਿੱਚ 20 ਗ੍ਰਾਮ ਖਾਣ ਵਾਲਾ ਵਨਸਪਤੀ ਤੇਲ, 20 ਗ੍ਰਾਮ ਪੀਸੀ ਖੰਡ ਤੇ 25 ਗ੍ਰਾਮ ਜ਼ਿੰਕ ਫ਼ਾਸਫ਼ਾਈਡ ਪਾਊਡਰ ਪਾ ਕੇ ਚੰਗੀ ਤਰ੍ਹਾਂ ਮਿਲਾਓ।

**ਨੋਟ :** ਇਸ ਚੋਗੇ ਵਿੱਚ ਕਦੇ ਵੀ ਪਾਣੀ ਨਾ ਮਿਲਣ ਦਿਉ ਅਤੇ ਹਮੇਸ਼ਾ ਤਾਜ਼ਾ ਤਿਆਰ ਕੀਤਾ ਚੋਗ ਹੀ ਵਰਤੋ। ਥੋੜ੍ਹੇ ਰਕਬੇ ਵਿੱਚ ਚੂਹਿਆਂ ਦੀ ਰੋਕਥਾਮ ਬੇਅਸਰ ਸਾਬਤ ਹੁੰਦੀ ਹੈ ਕਿਉਂਕਿ ਨਾਲ ਲਗਦੇ ਖੇਤਾਂ ਵਿਚੋਂ ਚੂਹੇ ਮੁੜ ਆ ਵਸਦੇ ਹਨ। ਇਸ ਲਈ ਚੰਗੇ ਨਤੀਜੇ ਹਾਸਲ ਕਰਨ ਲਈ ਚੂਹੇਮਾਰ ਮੁਹਿੰਮ ਦਾ ਪਿੰਡ ਪੱਧਰ ਤੇ ਅਪਨਾਉਣਾ ਬਹੁਤ ਜ਼ਰੂਰੀ ਹੈ, ਜਿਸ ਵਿੱਚ ਇਕ ਪਿੰਡ ਦੀ ਸਾਰੀ ਜ਼ਮੀਨ (ਬੀਜੀ ਹੋਈ, ਬਾਗਾਂ ਵਾਲੀ, ਜੰਗਲਾਤ ਵਾਲੀ ਅਤੇ ਖਾਲੀ) ਉੱਤੇ ਇਕੱਠੇ ਤੌਰ ਤੇ ਚੂਹਿਆਂ ਦਾ ਖਾਤਮਾ ਕੀਤਾ ਜਾਵੇ।

- ਨੀਨਾ ਸਿੰਗਲਾ, ਜੀਵ ਵਿਗਿਆਨ ਵਿਭਾਗ,
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ (ਮੋ. 93573-25446)



## ਸਿੰਧ ਜਲ ਸੰਧੀ ਦੇ ਰੱਦ ਹੋਣ ਨਾਲ ਭਾਰਤ ਅਤੇ ਪਾਕਿਸਤਾਨ ਉੱਪਰ ਪੈਣ ਵਾਲੇ ਸੰਭਾਵੀ ਪ੍ਰਭਾਵ

ਅੰਦਰ ਪੜ੍ਹੋ ਸਫਾ 2 'ਤੇ





# ਮਸ਼ੀਨਾਂ ਨਾਲ ਝੋਨੇ ਦੀ ਲਵਾਈ ਦੇ ਫਾਇਦੇ

**ਮਹੇਸ਼ ਕੁਮਾਰ ਨਾਰੰਗ, ਸ਼ਿਵ ਕੁਮਾਰ ਲੋਹਾਨ ਅਤੇ ਬਲਦੇਵ ਡੋਗਰਾ,**
**ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨੀਅਰਿੰਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 94173-83464)**

ਝੋਨੇ ਦੀ ਲੁਆਈ ਲਈ ਮਜ਼ਦੂਰਾਂ ਦੀ ਘਾਟ ਪੰਜਾਬ ਵਿੱਚ ਇੱਕ ਵੱਡੀ ਸਮੱਸਿਆ ਹੈ। ਇਸ ਮੁਸ਼ਕਲ ਨੂੰ ਦੂਰ ਕਰਨ ਲਈ, ਮਸ਼ੀਨੀ ਝੋਨਾ ਲੁਆਈ ਇੱਕ ਹੱਲ ਹੈ।

## ਝੋਨਾ ਲਾਉਣ ਵਾਲੀਆਂ ਮਸ਼ੀਨਾਂ ਦੀਆਂ ਕਿਸਮਾਂ

**ਰਿਮੋਟ ਕੰਟਰੋਲਡ ਪੈਡੀ ਟਰਾਂਸਪਲਾਂਟਰ** : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਪਿੱਛੇ ਤੁਰਨ ਵਾਲੀ ਮਸ਼ੀਨ ਵਾਸਤੇ ਰਿਮੋਟ ਕੰਟਰੋਲ ਸਿਸਟਮ ਵਿਕਸਿਤ ਕੀਤਾ ਗਿਆ ਹੈ। ਇਸ ਨਾਲ ਲੇਬਰ ਦੀ 40% ਬੱਚਤ, ਮਸ਼ੀਨ ਦੀ ਸਮਰੱਥਾ ਵਿੱਚ 10-11% ਅਤੇ ਲਾਭ ਵਿੱਚ 14-15% ਵਾਧਾ ਹੁੰਦਾ ਹੈ। ਚਾਲਕ ਵੱਲੋਂ ਮਸ਼ੀਨ ਨੂੰ ਰਿਮੋਟ ਕੰਟਰੋਲ ਨਾਲ ਕੱਦੂ ਕੀਤੇ ਖੇਤ ਤੋਂ ਬਾਹਰ ਤੋਂ ਚਲਾਉਣ ਕਰਕੇ ਉਸਦੀ ਖੇਚਲ ਘੱਟਦੀ ਹੈ। ਪੈਡੀਟਰਾਂਸਪਲਾਂਟਰ ਨੂੰ ਰਿਮੋਟ ਨਾਲ ਚਲਾਉਣ ਵਾਲੇ ਸਾਧਨ ਦਾ ਖਰਚਾ 1.0 ਲੱਖ ਰੁਪਏ ਹੈ।

**ਪਿੱਛੇ ਤੁਰਨ ਵਾਲੀ ਮਸ਼ੀਨ** : ਇਹ ਮਸ਼ੀਨ 4 ਅਤੇ 6 ਕਤਾਰਾਂ ਦੇ ਮਾਡਲਾਂ ਵਿੱਚ ਆਉਂਦੀ ਹੈ। ਇਸ ਮਸ਼ੀਨ ਵਿੱਚ ਖਿਚਾਈ ਲਈ ਦੋ ਪਹੀਏ ਲੱਗੇ ਹੁੰਦੇ ਹਨ ਅਤੇ ਚਾਲਕ ਮਸ਼ੀਨ ਦੇ ਹੈਂਡਲ ਨੂੰ ਫੜ ਕੇ ਮਸ਼ੀਨ ਦੇ ਪਿੱਛੇ ਕੱਦੂ ਵਿੱਚ ਅਤੇ ਲੱਗੇ ਹੋਏ ਝੋਨੇ ਦੀਆਂ ਕਤਾਰਾਂ ਵਿੱਚ ਚੱਲਦਾ ਹੈ। ਇਸ ਮਸ਼ੀਨ ਵਿੱਚ ਬੂਟੇ ਤੋਂ ਬੂਟੇ ਦੀ ਦੂਰੀ ਤਹਿ ਕਰਨ ਲਈ ਸੈਟਿੰਗਾਂ ਹਨ। ਬੂਟੇ ਲਾਉਣ ਦੀ ਡੂੰਘਾਈ ਅਤੇ ਇੱਕ ਥਾਂ ਉੱਤੇ ਲੱਗਣ ਵਾਲੇ ਬੂਟਿਆਂ ਦੀ ਗਿਣਤੀ ਘੱਟ ਜਾਂ ਵੱਧ ਕਰਨ ਲਈ ਮਸ਼ੀਨ ਦੇ ਪਿਛਲੇ ਪਾਸੇ ਚਾਲਕ ਕੋਲ ਦੋ ਲੀਵਰ ਲੱਗੇ ਹੋਏ ਹਨ। ਇਹ ਮਸ਼ੀਨ ਇੱਕ ਦਿਨ ਵਿੱਚ ਤਕਰੀਬਨ 2.5-3.0 ਏਕੜ ਰਕਬਾ ਝੋਨਾ 2-3 ਆਦਮੀਆਂ ਦੀ ਮੱਦਦ ਨਾਲ ਲਗਾ ਸਕਦੀ ਹੈ।



**ਉੱਤੇ ਬੈਠ ਕੇ ਚਲਾਉਣ ਵਾਲੀ ਚਾਰ ਪਹੀਆ ਮਸ਼ੀਨ** : ਇਹ ਮਸ਼ੀਨਾਂ ਚਾਰ ਪਹੀਆਂ 'ਤੇ ਚੱਲਦੀਆਂ ਹਨ ਅਤੇ ਸਾਰੇ ਪਹੀਆਂ ਨੂੰ ਇੰਜਨ ਤੋਂ ਤਾਕਤ ਮਿਲਦੀ ਹੈ, ਜਿਸ ਕਰਕੇ ਇਹ ਮਸ਼ੀਨਾਂ ਹਰ ਤਰ੍ਹਾਂ ਦੀ ਮਿੱਟੀ ਵਿੱਚ ਚਲ ਸਕਦੀਆਂ ਹਨ। ਇਹ ਮਸ਼ੀਨਾਂ ਵਿੱਚ ਕਤਾਰ ਤੋਂ ਕਤਾਰ ਦਾ ਫਾਸਲਾ ਇੱਕ ਫੁੱਟ ਹੈ। ਇਹ ਮਸ਼ੀਨ ਪ੍ਰਤੀ ਦਿਨ 10 ਤੋਂ 12 ਏਕੜ ਰਕਬਾ ਝੋਨਾ ਲਗਾ ਸਕਦੀ ਹੈ। ਬੂਟੇ ਤੋਂ ਬੂਟੇ ਦੀ ਦੂਰੀ ਸੈਟ ਕਰਨ ਲਈ ਚਾਲਕ ਦੀ ਸੀਟ ਕੋਲ ਪੈਰ ਰੱਖਣ ਦੀ ਜਗ੍ਹਾ ਦੇ ਥੱਲੇ ਲੀਵਰ ਲੱਗਿਆ ਹੋਇਆ ਹੈ, ਜਿਸ ਉੱਪਰ ਸੈਟਿੰਗਾਂ ਅੰਕਿਤ ਹਨ। ਬੂਟੇ ਲਾਉਣ ਦੀ ਡੂੰਘਾਈ ਅਤੇ ਇੱਕ ਥਾਂ ਉੱਤੇ ਲੱਗਣ ਵਾਲੇ ਬੂਟਿਆਂ ਦੀ ਗਿਣਤੀ ਘੱਟ ਵੱਧ ਕਰਨ ਲਈ ਮਸ਼ੀਨ ਦੇ ਮੈਟ ਰੱਖਣ ਵਾਲੇ ਫਰੇਮ ਦੇ ਪਿਛਲੇ ਪਾਸੇ ਦੋ ਲੀਵਰ ਲੱਗੇ ਹੋਏ ਹਨ, ਜਿਹਨਾਂ ਨਾਲ ਇਹ ਸੈਟਿੰਗਾਂ ਕੀਤੀਆਂ ਜਾ ਸਕਦੀਆਂ ਹਨ।

**ਉੱਤੇ ਬੈਠ ਕੇ ਚਲਾਉਣ ਵਾਲੀ ਇੱਕ ਪਹੀਆ ਮਸ਼ੀਨ** : ਇਨ੍ਹਾਂ ਮਸ਼ੀਨਾਂ ਵਿੱਚ ਅੱਗੇ ਇੱਕ ਵੱਡਾ ਟਾਇਰ ਵਾਲਾ ਪਹੀਆ ਅਤੇ ਪਿੱਛੇ ਦੋ ਛੋਟੇ ਪਹੀਏ ਮਸ਼ੀਨ ਖੇਤ ਤੋਂ ਬਾਹਰ ਚਲਾਉਣ ਲਈ ਲੱਗੇ ਹੁੰਦੇ ਹਨ। ਝੋਨਾ ਲੁਆਈ ਸਮੇਂ ਹਵਾ ਵਾਲੇ ਵੱਡੇ ਪਹੀਏ ਨੂੰ ਉਤਾਰ ਕੇ ਲੋਹੇ ਦਾ ਪਹੀਆ ਲਗਾਇਆ ਜਾਂਦਾ ਹੈ ਅਤੇ ਦੋਵੇਂ ਪਿਛਲੇ ਛੋਟੇ ਪਹੀਏ ਵੀ ਉਤਾਰ ਦਿੱਤੇ ਜਾਂਦੇ ਹਨ। ਇਸ ਦੇ ਸਦਕਾ ਮਸ਼ੀਨ ਦਾ ਭਾਰ ਫੱਟ ਉਪਰ ਆ ਜਾਂਦਾ ਹੈ ਅਤੇ ਅੱਗੇ ਲੱਗਿਆ ਪਹੀਆ ਮਸ਼ੀਨ ਦੀ ਖਿਚਾਈ ਦਾ ਕੰਮ ਕਰਦਾ ਹੈ। ਇਹ ਮਸ਼ੀਨ 6 ਅਤੇ 8 ਕਤਾਰਾਂ ਦੇ ਮਾਡਲਾਂ ਵਿੱਚ ਆਉਂਦੀ ਹੈ ਅਤੇ ਕ੍ਰਮਵਾਰ ਇੱਕ ਫੁੱਟ ਅਤੇ 9 ਇੰਚ ਦੇ ਫਾਸਲੇ 'ਤੇ ਇਕ ਸਾਰ ਲਵਾਈ ਕਰ ਸਕਦੀ ਹੈ। ਇੰਜਣ ਨਾਲ ਚੱਲਣ ਵਾਲੀ ਇਹ ਮਸ਼ੀਨ ਇੱਕ ਦਿਨ ਵਿੱਚ 3 ਤੋਂ 4 ਏਕੜ ਝੋਨਾ ਲਗਾ ਸਕਦੀ ਹੈ ਅਤੇ ਇਸ ਨੂੰ ਚਲਾਉਣ ਵਾਸਤੇ 3-4 ਆਦਮੀਆਂ ਦੀ ਲੋੜ ਪੈਂਦੀ ਹੈ। ਕਤਾਰ ਵਿੱਚ ਬੂਟੇ ਤੋਂ ਬੂਟੇ ਦਾ ਫਾਸਲਾ ਘੱਟ ਜਾਂ ਵੱਧ ਕਰਨ ਲਈ ਅਤੇ ਇੱਕ ਜਗ੍ਹਾਂ ਉੱਤੇ ਲੱਗਣ ਵਾਲੇ ਬੂਟੇ ਘੱਟ ਜਾਂ ਵੱਧ ਕਰਨ ਲਈ ਅਤੇ ਬੂਟੇ ਲਾਉਣ ਦੀ ਡੂੰਘਾਈ ਨੂੰ ਵੱਧ ਜਾਂ ਘੱਟ ਕਰਨ ਲਈ ਮਸ਼ੀਨ ਵਿੱਚ ਸੈਟਿੰਗ ਹੈ।

**ਝੋਨਾ ਲਾਉਣ ਵਾਲੇ ਖੇਤ ਦੀ ਤਿਆਰੀ** : ਕੱਦੂ ਕਰਦੇ ਸਮੇਂ ਇਸ ਗੱਲ ਦਾ ਖਿਆਲ ਰੱਖੋ ਕਿ ਖੇਤ ਦਾ ਲੈਵਲ ਇਕ ਸਾਰ ਹੋਵੇ। ਵਧੀਆ ਕੱਦੂ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਵਿਕਸਿਤ ਪਲਵੇਰਾਈਜ਼ਿੰਗ ਰੋਲਰ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕੱਦੂ ਕਰਨ ਉਪਰੰਤ ਝੋਨਾ ਲਾਉਣ ਵਾਲੀ ਮਸ਼ੀਨ ਚਲਾਉਣ ਲਈ 1-3 ਦਿਨ ਤੱਕ ਮਿੱਟੀ ਦੀ ਬਣਤਰ ਅਨੁਸਾਰ ਉਡੀਕਣਾ ਪੈ ਸਕਦਾ ਹੈ। ਕੱਦੂ ਕਰਨ ਤੋਂ ਬਾਅਦ ਮਸ਼ੀਨ ਕਦੋਂ ਚਲਾਈ ਜਾ ਸਕਦੀ ਹੈ, ਇਹ ਇਸ ਗੱਲ 'ਤੇ ਵੀ ਨਿਰਭਰ ਕਰਦਾ ਹੈ ਕਿ ਮਸ਼ੀਨ ਕਿਸ ਕਿਸਮ ਦੀ ਹੈ। ਪਿੱਛੇ ਤੁਰਨ ਵਾਲੀਆਂ ਅਤੇ ਚਾਰ-ਪਹੀਆ ਮਸ਼ੀਨਾਂ ਕੱਦੂ ਕਰਨ ਤੋਂ ਇੱਕ ਦਿਨ ਬਾਅਦ ਹੀ ਖੇਤ ਵਿੱਚ ਵਰਤੀਆਂ ਜਾ ਸਕਦੀਆਂ ਹਨ।

ਭਾਰੀਆਂ ਅਤੇ ਕਲਰਾਠੀਆਂ ਜ਼ਮੀਨਾਂ ਕੱਦੂ ਕਰਨ ਤੋਂ ਬਾਅਦ ਜੰਮਣ ਵਿੱਚ ਜ਼ਿਆਦਾ ਸਮਾਂ ਲੈਂਦੀਆਂ ਹਨ। ਹਲਕੀਆਂ ਜ਼ਮੀਨਾਂ ਵਿੱਚ ਉਸੇ ਦਿਨ ਜਾਂ ਕੱਦੂ ਕਰਨ ਤੋਂ ਇੱਕ ਦਿਨ ਬਾਅਦ ਝੋਨਾ ਲਗਾਇਆ ਜਾ ਸਕਦਾ ਹੈ। ਮਸ਼ੀਨ ਚਲਾਉਣ ਵਾਲੇ ਦਿਨ ਕੱਦੂ ਜੰਮਿਆ ਹੋਵੇ ਅਤੇ ਖੇਤ ਵਿੱਚ ਸਿਰਫ 1.0-1.5 ਇੰਚ ਡੂੰਘਾ ਪਾਣੀ ਭਰਿਆ ਹੋਵੇ। ਜ਼ਿਆਦਾ ਡੂੰਘੇ ਪਾਣੀ ਵਿੱਚ ਮੈਟ ਟਾਈਪ ਪਨੀਰੀ ਡੁੱਬ ਕੇ ਖਰਾਬ ਹੋ ਸਕਦੀ ਹੈ। ਕੱਦੂ ਦੀ ਡੂੰਘਾਈ ਰਵਾਇਤੀ ਟ੍ਰਾਂਸਪਲਾਂਟਿੰਗ ਵਾਂਗ ਡੂੰਘੀ ਨਹੀਂ ਹੋਣੀ ਚਾਹੀਦੀ।

**ਮਸ਼ੀਨ ਨੂੰ ਖੇਤ ਵਿੱਚ ਚਲਾਉਣਾ** :

★ ਮਸ਼ੀਨ ਵਿੱਚ ਮੈਟ ਰੱਖਣ ਤੋਂ ਪਹਿਲਾਂ ਟਰੇਅ ਉਪਰ ਪਾਣੀ ਦਾ ਛਿੜਕਾਅ ਕਰ ਲਵੋ ਤਾਂ ਕਿ ਮੈਟ ਆਸਾਨੀ ਨਾਲ ਹੇਠਾਂ ਵੱਲ ਸਰਕ ਸਕਣ।

★ ਪਹਿਲੀ ਵਾਰ ਮਸ਼ੀਨ 'ਤੇ ਮੈਟ ਰੱਖਣ ਤੋਂ ਪਹਿਲਾਂ, ਮੈਟ ਰੱਖਣ ਵਾਲੀ ਟਰੇਅ ਨੂੰ ਖਾਲੀ ਚਲਾ ਕੇ ਬਿਲਕੁਲ ਖੱਬੇ ਜਾਂ ਸੱਜੇ ਕਰ ਲਵੋ, ਤਾਂਕਿ ਮੈਟ ਦੀ ਕਟਾਈ ਕਿਨਾਰੇ ਤੋਂ ਸ਼ੁਰੂ ਹੋਵੇ।

★ ਮਸ਼ੀਨ ਚਾਲਕ ਮਸ਼ੀਨ ਨੂੰ ਸਿੱਧੀ ਲਾਈਨ ਵਿੱਚ ਲੋੜੀਂਦੇ ਗਿਅਰ ਵਿੱਚ ਪਾ ਕੇ ਸਹੀ ਰਫਤਾਰ 'ਤੇ ਚਲਾਉਂਦਾ ਹੈ ਅਤੇ ਨਿਗਰਾਨ ਵਿਅਕਤੀ ਮਸ਼ੀਨ ਦੇ ਪਿੱਛੇ ਲੱਗ ਰਹੀ ਝੋਨੇ ਦੀ ਪਨੀਰੀ 'ਤੇ ਨਿਗਾਹ ਰੱਖਦਾ ਹੈ।

★ ਜਦੋਂ ਮੈਟ ਦੀ ਲੰਬਾਈ 5-6 ਇੰਚ ਰਹਿ ਜਾਵੇ ਤਾਂ ਉਸ ਟਰੇਅ ਵਿੱਚ ਨਵੇਂ ਮੈਟ ਪੁਰਾਣੇ ਮੈਟ ਦੇ ਉਪਰ ਹੌਲੀ ਜਿਹੀ ਰੱਖ ਦਿਉ, ਨਿਗਰਾਨ ਵਿਅਕਤੀ ਸਾਰੀਆਂ ਟਰੇਆਂ 'ਤੇ ਨਜ਼ਰ ਰਖੇਗਾ ਅਤੇ ਮਸ਼ੀਨ 'ਤੇ ਵਾਧੂ ਪਏ ਮੈਟ ਲੋੜ ਅਨੁਸਾਰ ਟਰੇਆਂ ਵਿੱਚ ਰੱਖਦਾ ਜਾਵੇਗਾ।

★ ਜੇਕਰ ਕਿਸੇ ਟਰੇਅ ਵਿੱਚ ਮੈਟ ਵਿੰਗਾ-ਟੇਢਾ ਹੋ ਜਾਵੇ ਤਾਂ ਉਸ ਕਤਾਰ ਵਿੱਚ ਪਨੀਰੀ ਲੱਗਣੀ ਬੰਦ ਹੋ ਜਾਵੇਗੀ। ਮਸ਼ੀਨ ਨੂੰ ਰੋਕ ਲਵੋ ਅਤੇ ਪਨੀਰੀ ਲਗਾਉਣ ਵਾਲੇ ਸਿਸਟਮ ਨੂੰ ਬੰਦ ਕਰ ਲਵੋ। ਖਰਾਬ ਹੋਏ ਮੈਟ ਨੂੰ ਚੱਕ ਕੇ ਲੋੜ ਅਨੁਸਾਰ ਸਿੱਧਾ ਕਰੋ, ਜੇਕਰ ਜ਼ਰੂਰਤ ਹੋਵੇ ਤਾਂ ਮੈਟ ਦੇ ਖਰਾਬ ਹਿੱਸੇ ਨੂੰ ਕੱਟ ਕੇ ਸਿੱਧਾ ਕਰ ਲਵੋ ਅਤੇ ਇਸ ਨੂੰ ਫਿਰ ਤੋਂ ਟਰੇਅ ਵਿੱਚ ਰੱਖ ਦਿਉ।

★ ਜੇਕਰ ਚੱਲਦੇ ਸਮੇਂ ਕਿਸੇ ਮੈਟ ਵਿੱਚ ਰੋੜੀ, ਕੰਕਰ ਜਾਂ ਕੋਈ ਹੋਰ ਸਖਤ ਪਦਾਰਥ ਆ ਜਾਵੇ, ਮਸ਼ੀਨ ਨੂੰ ਤੁਰੰਤ ਰੋਕ ਲਵੋ। ਪਨੀਰੀ ਲਾਉਣ ਵਾਲਾ ਸਿਸਟਮ ਬੰਦ ਕਰ ਦਿਉ। ਜਿਸ ਟਰੇਅ ਦੇ ਮੈਟ ਵਿੱਚ ਪਨੀਰੀ ਲਾਉਣ ਵਾਲੀਆਂ ਉਂਗਲਾਂ ਫਸ ਗਈਆਂ ਹੋਣ, ਉਸ ਟਰੇਅ ਦੇ ਮੈਟ ਨੂੰ ਉੱਤੇ ਵਲ ਖਿੱਚ ਲਵੋ ਅਤੇ ਹੱਥਾਂ ਨਾਲ ਜੋ ਵੀ ਕੋਈ ਸਖਤ ਪਦਾਰਥ ਮੈਟ ਵਿੱਚ ਹੋਵੇ, ਉਸ ਨੂੰ ਕੱਢ ਦਿਉ ਅਤੇ ਮੈਟ ਨੂੰ ਟਰੇਅ ਵਿੱਚ ਫਿਰ ਤੋਂ ਹੇਠਾਂ ਵਲ ਸਰਕਾ ਕੇ ਮਸ਼ੀਨ ਨੂੰ ਚਲਾ ਲਵੋ।

★ ਝੋਨਾ ਲਾਉਂਦੇ ਸਮੇਂ ਕਿਸੇ ਵੀ ਮੈਟ ਨੂੰ ਠੀਕ ਕਰਨ ਜਾਂ ਕੋਈ ਹੋਰ ਕੰਮ ਕਰਨ ਤੋਂ ਪਹਿਲਾਂ ਝੋਨਾ ਲਾਉਣ ਵਾਲੇ ਸਿਸਟਮ ਨੂੰ ਬੰਦ ਕਰ ਦਿਉ।



# ਅੰਬ ਦੇ ਟਿੱਡਿਆਂ ਦੀ ਸਰਵਪੱਖੀ ਰੋਕਥਾਮ

ਰਾਜਵਿੰਦਰ ਕੌਰ ਸੰਧੂ ਅਤੇ ਸਨਦੀਪ ਸਿੰਘ, ਫਲ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ (ਮੋ. 97798-61180)

**ਨੁਕਸਾਨ** : ਜਵਾਨ ਅਤੇ ਬੱਚੇ ਦੋਵੇਂ ਹੀ ਰਸ ਚੂਸ ਕੇ ਨੁਕਸਾਨ ਕਰਦੇ ਹਨ। ਬੱਚੇ ਬਹਾਰ ਰੁੱਤ ਵਿੱਚ ਫੁੱਲਾਂ 'ਤੇ ਝੁੰਡਾਂ ਵਿੱਚ ਬੈਠ ਕੇ ਰਸ ਚੂਸਦੇ ਰਹਿੰਦੇ ਹਨ, ਜਿਸ ਕਰਕੇ ਹਮਲੇ ਵਾਲੇ ਫੁੱਲ ਪਿਚਕ ਜਾਂਦੇ ਹਨ ਅਤੇ ਖਾਕੀ ਰੰਗ ਦੇ ਨਜ਼ਰ ਆਉਣ ਲੱਗ ਜਾਂਦੇ ਹਨ। ਅਖੀਰ ਵਿੱਚ ਅਜਿਹੇ ਫੁੱਲ ਧਰਤੀ 'ਤੇ ਕਿਰ ਜਾਂਦੇ ਹਨ। ਇਹ ਟਿੱਡੇ ਸ਼ਹਿਦ ਵਰਗਾ ਮਿੱਠਾ ਮਲ ਤਿਆਗ ਲਗਾਤਾਰ ਛੱਡਦੇ ਰਹਿੰਦੇ ਹਨ, ਜਿਸ ਕਰਕੇ ਪੱਤੇ, ਟਾਹਣੀਆਂ ਅਤੇ ਫੁੱਲਾਂ ਉੱਤੇ ਕਾਫੀ ਉੱਲੀ ਪੈਦਾ ਹੋ ਜਾਂਦੀ ਹੈ। ਹਮਲਾ ਗ੍ਰਸਤ ਹਿੱਸੇ ਹੌਲੀ-ਹੌਲੀ ਮੁਰਝਾ ਜਾਂਦੇ ਹਨ।

**ਰੋਕਥਾਮ** :

1. ਬਾਗ ਵਿੱਚ ਸਿਫਾਰਿਸ਼ ਕੀਤੀ ਮਾਤਰਾ ਤੋਂ ਵੱਧ ਬੂਟੇ ਨਾ ਲਗਾਉ।
2. ਇਸ ਦੀ ਰੋਕਥਾਮ ਲਈ 5 ਲੀਟਰ ਪੀ. ਏ. ਯੂ. ਨਿੰਮ ਦਾ ਘੋਲ ਜਾਂ ਪੀ. ਏ. ਯੂ. ਧਰੇਕ ਦਾ ਘੋਲ ਪ੍ਰਤੀ ਏਕੜ ਨੂੰ 500 ਲੀਟਰ ਪਾਣੀ ਵਿੱਚ ਘੋਲ ਕੇ ਹਫਤੇ ਦੇ ਵਕਫੇ 'ਤੇ ਦੋ ਵਾਰ ਛਿੜਕਾਅ ਕਰੋ ਜਾਂ 200 ਮਿਲੀਲੀਟਰ ਕੋਨਫੀਡੋਰ 17.8 ਐਸ. ਐਲ. (ਈਮੀਡਾਕਲੋਪਰਿਡ) ਪ੍ਰਤੀ ਏਕੜ ਨੂੰ 500 ਲੀਟਰ ਪਾਣੀ ਵਿੱਚ ਘੋਲ ਕੇ ਪੰਦਰਾਂ ਦਿਨਾਂ ਦੇ ਵਕਫੇ 'ਤੇ ਦੋ ਵਾਰ ਛਿੜਕਾਅ ਕਰੋ।
3. ਸੰਘਣੇ ਬਾਗਾਂ ਵਿੱਚ ਸਰਦੀ ਦੀ ਰੁੱਤ ਵਿੱਚ ਕੁਝ ਟਾਹਣੀਆਂ ਕੱਟ ਦਿਉ ਤਾਂ ਕਿ ਬਾਗ ਵਿੱਚ ਵਧੇਰੇ ਰੋਸ਼ਨੀ ਪਵੇ।

**ਨਿੰਮ ਦਾ ਘੋਲ ਤਿਆਰ ਕਰਨ ਦੀ ਵਿਧੀ** : ਚਾਰ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਾਹਣੀਆਂ ਅਤੇ ਨਿੰਮੋਲੀਆਂ) ਨੂੰ 10 ਲੀਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਕੱਪੜ ਛਾਣ ਕਰ ਲਉ ਅਤੇ ਤਰਲ ਨੂੰ ਸਿਫਾਰਿਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ।

ਪੰਜਾਬ ਸਰਕਾਰ ਵੱਲੋਂ ਦੂਜੀ ਹਰੀ ਕ੍ਰਾਂਤੀ ਨੂੰ ਹੁਲਾਰਾ

# 1500 ਰੁਪਏ ਪ੍ਰਤੀ ਏਕੜ ਦੇ ਵਿੱਤੀ ਪ੍ਰੋਤਸਾਹਨ ਨਾਲ ਝੋਨੇ ਦੀ ਸਿੱਧੀ ਬਿਜਾਈ ਹੇਠ 5 ਲੱਖ ਏਕੜ ਲਿਆਉਣ



ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਟਿਕਾਊ ਖੇਤੀਬਾੜੀ ਨੂੰ ਉਤਸ਼ਾਹਿਤ ਕਰਨ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਵਾਸਤੇ ਇਸ ਸਾਉਣੀ ਸੀਜ਼ਨ ਦੌਰਾਨ 5 ਲੱਖ ਏਕੜ ਰਕਬੇ ਨੂੰ ਝੋਨੇ ਦੀ ਸਿੱਧੀ ਬਿਜਾਈ (ਡੀ.ਐਸ.ਆਰ.) ਅਧੀਨ ਲਿਆਉਣ ਦਾ ਟੀਚਾ ਮਿੱਥਿਆ ਹੈ ਅਤੇ ਝੋਨੇ ਦੀ ਸਿੱਧੀ ਬਿਜਾਈ 15 ਮਈ ਤੋਂ ਸ਼ੁਰੂ ਹੋਵੇਗੀ।

ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਕਿਸਾਨ ਵੀਰਵਾਰ (15 ਮਈ) ਤੋਂ ਸਿੱਧੀ ਬਿਜਾਈ ਤਕਨੀਕ ਦੀ ਵਰਤੋਂ ਕਰਕੇ ਝੋਨੇ ਦੀ ਕਾਸ਼ਤ ਸ਼ੁਰੂ ਕਰ ਸਕਦੇ ਹਨ। ਉਹਨਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਅਪਣਾਉਣ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 1500 ਰੁਪਏ ਵਿੱਤੀ ਸਹਾਇਤਾ ਵੀ ਦੇ ਰਹੀ ਹੈ। ਦੱਸਣਯੋਗ ਹੈ ਕਿ ਸੂਬਾ ਸਰਕਾਰ ਨੇ ਵਿੱਤੀ ਸਾਲ 2025-26 ਲਈ 40 ਕਰੋੜ ਰੁਪਏ ਦਾ ਬਜਟ ਅਲਾਟ ਕੀਤਾ ਹੈ। ਕਿਸਾਨ 10 ਮਈ ਤੋਂ 30 ਜੂਨ, 2025 ਤੱਕ ਆਨਲਾਈਨ ਪੋਰਟਲ agrimachinerypb.com ਉਤੇ ਡੀ.ਐਸ.ਆਰ. ਸਕੀਮ ਲਈ ਰਜਿਸਟਰ ਕਰ ਸਕਦੇ ਹਨ।

ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਬਾਸਮਤੀ ਕਾਸ਼ਤਕਾਰ ਵੀ ਡੀ.ਐਸ.ਆਰ. ਤਕਨੀਕ ਅਪਣਾਉਣ ਅਤੇ ਇਸ ਸੀਜ਼ਨ ਤੋਂ ਪ੍ਰਤੀ ਏਕੜ 1500 ਰੁਪਏ ਦਾ ਵਿੱਤੀ ਪ੍ਰੋਤਸਾਹਨ ਪ੍ਰਾਪਤ ਕਰ ਸਕਦੇ ਹਨ।

ਸੂਬਾ ਸਰਕਾਰ ਨੇ ਸਾਉਣੀ ਸੀਜ਼ਨ ਸਾਲ 2024 ਦੌਰਾਨ ਪਾਣੀ ਬਚਾਉਣ ਵਾਲੀ ਡੀ.ਐਸ.ਆਰ. ਤਕਨੀਕ ਅਪਣਾਉਣ ਵਾਲੇ 21,338 ਕਿਸਾਨਾਂ ਨੂੰ 29.02 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ। ਦੱਸਣਯੋਗ ਹੈ ਕਿ ਸਾਲ 2024 ਵਿੱਚ 2.53 ਲੱਖ ਏਕੜ ਰਕਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਗਈ, ਜੋ ਕਿ ਸਾਲ 2023 ਵਿੱਚ 1.72 ਲੱਖ ਏਕੜ ਦੇ ਮੁਕਾਬਲੇ 47 ਫ਼ੀਸਦ ਦੇ ਵਾਧੇ ਨੂੰ ਦਰਸਾਉਂਦੀ ਹੈ।

ਉਨ੍ਹਾਂ ਦੱਸਿਆ ਕਿ ਬਾਸਮਤੀ ਸਮੇਤ ਝੋਨੇ ਦੀ ਸਿੱਧੀ ਬਿਜਾਈ ਅਧੀਨ ਖੇਤਾਂ ਦੀ ਤਸਦੀਕ 1 ਜੁਲਾਈ ਤੋਂ 15 ਜੁਲਾਈ, 2025 ਤੱਕ ਕੀਤੀ ਜਾਵੇਗੀ।

ਝੋਨੇ ਦੀ ਸਿੱਧੀ ਬਿਜਾਈ ਤਕਨੀਕ ਦੇ ਲਾਭਾਂ ਨੂੰ ਉਜਾਗਰ ਕਰਦਿਆਂ ਗੁਰਮੀਤ ਸਿੰਘ ਖੁੱਡੀਆਂ ਨੇ ਇਸਨੂੰ ਪੰਜਾਬ ਦੀ ਖੇਤੀਬਾੜੀ ਲਈ ਵਿਸ਼ੇਸ਼ ਉਪਲਬਧੀ ਦੱਸਦਿਆਂ ਕਿਹਾ ਕਿ ਇਹ ਵਿਧੀ ਰਵਾਇਤੀ ਝੋਨੇ ਦੀ ਕਾਸ਼ਤ ਦੇ ਮੁਕਾਬਲੇ ਵਧੇਰੇ ਲਾਹੇਵੰਦ ਹੈ, ਜਿਸ ਨਾਲ 15-20 ਫ਼ੀਸਦ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਇਹ ਕਦਮ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣ ਲਈ ਅਹਿਮ ਹੈ ਅਤੇ ਇਸਦੇ ਨਾਲ ਹੀ ਮਜ਼ਦੂਰੀ ਲਾਗਤ ਲਗਭਗ 3500 ਰੁਪਏ ਪ੍ਰਤੀ ਏਕੜ ਘਟੇਗੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਵਾਤਾਵਰਣ-ਅਨੁਕੂਲ ਵਿਧੀ ਨੂੰ ਅਪਣਾਉਣ ਅਤੇ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਹਾ ਲੈਣ।




# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 20
ਮਿਤੀ 17-05-2025

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਇ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਪਾਣੀ ਦੇ ਸੰਕਟ ਦੇ ਮੱਦੇਨਜ਼ਰ ਸਰਕਾਰਾਂ ਨੂੰ ਗੰਭੀਰਤਾ ਅਪਣਾਉਣ ਦੀ ਲੋੜ

ਪੰਜਾਬ ਵਿਚ ਗਹਿਰਾਉਂਦੇ ਪਾਣੀ ਦੇ ਸੰਕਟ ਲਈ ਸੂਬਾ ਤੇ ਕੇਂਦਰ ਸਰਕਾਰਾਂ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਕੇਂਦਰ ਸਰਕਾਰ ਨੇ ਸੰਵਿਧਾਨ ਨੂੰ ਛਿੱਕੇ ਟੰਗ ਕੇ ਪੰਜਾਬ ਤੋਂ ਪਾਣੀਆਂ 'ਤੇ ਉਸ ਦਾ ਹੱਕ ਖੋਹਿਆ ਅਤੇ ਗੈਰ-ਰਿਪੇਰੀਅਨ ਸੂਬਿਆਂ ਨੂੰ ਦੇਣ ਦੇ ਨਾਲ ਹੀ ਇਸ ਤੋਂ ਪੈਦਾ ਹੁੰਦੀ ਬਿਜਲੀ ਵੀ ਮੁਫ਼ਤ ਦਿੱਤੀ ਗਈ। ਸਮੇਂ ਦੀਆਂ ਰਾਜ ਸਰਕਾਰਾਂ ਨੇ ਵੀ ਇਸ ਖ਼ਿਲਾਫ਼ ਕੋਈ ਆਵਾਜ਼ ਨਹੀਂ ਚੁੱਕੀ। ਵੰਡ ਤੋਂ ਪਹਿਲਾ ਰਾਜਸਥਾਨ ਪੰਜਾਬ ਨੂੰ ਪਾਣੀ ਬਦਲੇ ਮਾਲੀਆਂ ਅਦਾ ਕਰਾਦ ਸੀ, ਜੋ ਕਿ 1947 ਤੋਂ ਬਾਅਦ ਬੰਦ ਕਰ ਦਿਤਾ ਗਿਆ। ਪੰਜਾਬ ਸਰਕਾਰ ਨੇ ਪਿਛੇ ਜਿਹੇ ਅੰਦਾਜ਼ਾ ਲਗਾਇਆ ਕਿ ਦਿੱਲੀ, ਹਰਿਆਣਾ ਤੇ ਰਾਜਸਥਾਨ ਨੂੰ ਦਿਤੇ ਜਾ ਰਹੇ ਦਰਿਆਈ ਪਾਣੀ ਦੇ ਮਾਲੀਏ ਦੀ ਰਕਮ ਕਈ ਲੱਖ ਕਰੋੜ ਬਣਦੀ ਹੈ। ਨਹਿਰੀ ਸਿੰਚਾਈ ਨੂੰ ਅਣਗੌਲਿਆ ਕਰਨ ਤੇ ਹਰੀ ਕ੍ਰਾਂਤੀ ਤੋਂ ਬਾਅਦ ਵੱਡੇ ਪੱਧਰ 'ਤੇ ਹੋਣ ਵਾਲੀ ਝੋਨੇ ਦੀ ਬਿਜਾਈ ਨੇ ਟਿਊਬਵੈੱਲਾਂ ਦੀ ਗਿਣਤੀ ਨੂੰ ਲੱਖਾਂ ਵਿੱਚ ਪਹੁੰਚ ਦਿਤਾ ਹੈ, ਜੋ ਸੰਨ 1965-66 ਦੌਰਾਨ 25-26 ਹਜ਼ਾਰ ਦੇ ਲਗਭਗ ਸੀ।

ਪਾਣੀ ਕੁਦਰਤ ਦਾ ਅਨਮੋਲ ਤੋਹਫ਼ਾ ਹੈ। ਜੀਵਨ ਦੀ ਹੋਂਦ ਪਾਣੀ ਤੋਂ ਬਿਨਾਂ ਅਸੰਭਵ ਹੈ। ਮਨੁੱਖੀ ਜਿੰਦਗੀ ਲਈ ਇਸ ਦੀ ਮਹੱਤਤਾ ਸਾਹਾਂ ਦੇ ਮੁਕਾਬਲੇ 'ਚ ਜ਼ਰਾ ਵੀ ਘੱਟ ਨਹੀਂ। ਵਿਗਿਆਨ ਅਨੁਸਾਰ ਮਨੁੱਖ ਭੋਜਨ ਤੋਂ ਬਿਨਾਂ ਮਹੀਨਾ ਜਿਉਂਦਾ ਰਹਿ ਸਕਦਾ ਹੈ, ਪਰ ਪਾਣੀ ਤੋਂ ਬਗੈਰ ਹਫ਼ਤਾ ਵੀ ਮੁਸ਼ਕਲ ਹੈ। ਧਰਤੀ ਦਾ 70 ਫ਼ੀਸਦੀ ਹਿੱਸਾ ਪਾਣੀ ਨਾਲ ਭਰਿਆ ਹੋਇਆ ਹੈ, ਜਿਸ ਵਿਚੋਂ 97.5 ਫ਼ੀਸਦੀ ਪਾਣੀ ਸਲੂਣਾ ਹੋਣ ਕਾਰਨ ਵਰਤਣਯੋਗ ਨਹੀਂ। ਬਚਦੇ 2.5 ਪ੍ਰਤੀਸ਼ਤ ਵਿਚੋਂ ਵਧੇਰੇ ਹਿੱਸਾ ਬਰਫ਼ ਦੇ ਢੇਰਾਂ ਅਤੇ ਗਲੇਸ਼ੀਅਰਾਂ ਵਿਚ ਬੰਦ ਹੈ। ਕੁਲ ਮਿਲਾ ਕੇ ਧਰਤੀ 'ਤੇ ਮੌਜੂਦ ਸਮੁੱਚੇ ਪਾਣੀ ਵਿਚੋਂ 1 ਫ਼ੀਸਦੀ ਤੋਂ ਵੀ ਘੱਟ ਹਿੱਸਾ ਜੀਵਨ ਦੀਆਂ ਬੁਨਿਆਦੀ ਲੋੜਾਂ ਲਈ ਵਰਤਿਆ ਜਾ ਸਕਦਾ ਹੈ। ਪੰਜਾਬ ਪੰਜ-ਆਬਾਂ ਦੀ ਧਰਤੀ ਹੈ। ਕੁਦਰਤ ਪੰਜਾਬ ਨੂੰ ਦਰਿਆਵਾਂ ਦੇ ਰੂਪ ਵਿਚ ਬੇਸ਼ੁਮਾਰ ਪਾਣੀ ਦੇ ਕੇ ਆਪਣਾ ਲਾਡਲਾ ਹੋਣ ਦਾ ਸਬੂਤ ਦਿਤਾ। ਦਰਿਆ ਧਰਤੀ ਹੇਠਲੇ ਜਲ ਪੱਧਰ ਨੂੰ ਬਣਾ ਕੇ ਰੱਖਣ ਦੇ ਨਾਲ-ਨਾਲ ਸ਼ੁੱਧ ਪਾਣੀ ਦਾ ਮੁੱਖ ਸਰੋਤ ਸਨ। 1947 ਦੀ ਵੰਡ ਤੋਂ ਬਾਅਦ ਜੋ ਢਾਈ ਕੁ ਦਰਿਆ ਪੰਜਾਬ ਦੇ ਹਿੱਸੇ ਆਏ, ਉਹ ਸਿਆਸਤ ਅਤੇ ਮਨੁੱਖੀ ਲਾਲਸਾ ਦੀ ਭੇਟ ਚੜ੍ਹ ਗਏ। ਕਾਰਪੋਰੇਟ ਘਰਾਣਿਆਂ ਵੱਲੋਂ ਚਲਾਈਆਂ ਜਾ ਰਹੀਆਂ ਫ਼ੈਕਟਰੀਆਂ ਦਾ ਜ਼ਹਿਰੀਲਾ ਪਾਣੀ ਨਿਯਮਾਂ ਨੂੰ ਠੁੱਡਾ ਮਾਰ ਕੇ ਦਰਿਆਵਾਂ ਵਿਚ ਸੁੱਟਿਆ ਜਾ ਰਿਹਾ ਹੈ ਅਤੇ ਪੰਜਾਬੀਆਂ ਲਈ ਕੈਂਸਰ ਦਾ ਕਾਰਨ ਬਣ ਰਿਹਾ ਹੈ। ਵੱਧ ਆਬਾਦੀ ਤੇ ਹੋ ਰਹੇ ਸ਼ਹਿਰੀਕਰਨ ਦੇ ਨਾਲ ਨਾਲ ਫ਼ਸਲੀ ਫੇਰ ਬਦਲ ਨੇ ਪਾਣੀ ਦੀ ਵਰਤੋਂ ਵਿਚ ਵੱਡਾ ਵਾਧਾ ਕੀਤਾ ਹੈ ਪਰ ਦੂਸਰੇ ਪਾਸੇ ਪਾਣੀ ਦੇ ਸੋਮੇ ਸੀਮਤ ਹਨ ਅਤੇ ਇਨ੍ਹਾਂ 'ਚ ਵਾਧਾ ਕਰਨਾ ਨਾ-ਮੁਮਕਿਨ ਹੈ। ਦਰਿਆਵਾਂ ਵਿਚ ਪਾਣੀ ਹੁਣ ਬੀਤੇ ਸਮੇਂ ਦੀ ਗੱਲ ਚਲਿਆ ਹੈ।

> ਪਾਣੀ ਕੁਦਰਤ ਦਾ ਅਨਮੋਲ ਤੋਹਫ਼ਾ ਹੈ। ਜੀਵਨ ਦੀ ਹੋਂਦ ਪਾਣੀ ਤੋਂ ਬਿਨਾਂ ਅਸੰਭਵ ਹੈ। ਮਨੁੱਖੀ ਜਿੰਦਗੀ ਲਈ ਇਸ ਦੀ ਮਹੱਤਤਾ ਸਾਹਾਂ ਦੇ ਮੁਕਾਬਲੇ 'ਚ ਜ਼ਰਾ ਵੀ ਘੱਟ ਨਹੀਂ। ਵਿਗਿਆਨ ਅਨੁਸਾਰ ਮਨੁੱਖ ਭੋਜਨ ਤੋਂ ਬਿਨਾਂ ਮਹੀਨਾ ਜਿਉਂਦਾ ਰਹਿ ਸਕਦਾ ਹੈ, ਪਰ ਪਾਣੀ ਤੋਂ ਬਗੈਰ ਹਫ਼ਤਾ ਵੀ ਮੁਸ਼ਕਲ ਹੈ। ਧਰਤੀ ਦਾ 70 ਫ਼ੀਸਦੀ ਹਿੱਸਾ ਪਾਣੀ ਨਾਲ ਭਰਿਆ ਹੋਇਆ ਹੈ, ਜਿਸ ਵਿਚੋਂ 97.5 ਫ਼ੀਸਦੀ ਪਾਣੀ ਸਲੂਣਾ ਹੋਣ ਕਾਰਨ ਵਰਤਣਯੋਗ ਨਹੀਂ। ਬਚਦੇ 2.5 ਪ੍ਰਤੀਸ਼ਤ ਵਿਚੋਂ ਵਧੇਰੇ ਹਿੱਸਾ ਬਰਫ਼ ਦੇ ਢੇਰਾਂ ਅਤੇ ਗਲੇਸ਼ੀਅਰਾਂ ਵਿਚ ਬੰਦ ਹੈ। ਕੁਲ ਮਿਲਾ ਕੇ ਧਰਤੀ 'ਤੇ ਮੌਜੂਦ ਸਮੁੱਚੇ ਪਾਣੀ ਵਿਚੋਂ 1 ਫ਼ੀਸਦੀ ਤੋਂ ਵੀ ਘੱਟ ਹਿੱਸਾ ਜੀਵਨ ਦੀਆਂ ਬੁਨਿਆਦੀ ਲੋੜਾਂ ਲਈ ਵਰਤਿਆ ਜਾ ਸਕਦਾ ਹੈ।

ਮੋਹਿਤ ਬਾਂਸਲ ਮਾਨਸਾ ਮੋ: 97500-00965



## ਜ਼ਮੀਨੀ ਪਾਣੀ ਦੇ ਹਾਲਾਤ

ਜ਼ਮੀਨੀ ਪਾਣੀ ਦੀ ਗੱਲ ਕਰੀਏ ਤਾਂ 1950ਵਿਆਂ 'ਚ ਪੰਜਾਬ ਦੀ ਧਰਤੀ ਹੇਠਲੇ ਪਾਣੀ ਦਾ ਪੱਧਰ 10 ਤੋਂ 25 ਫੁੱਟ ਤਕ ਸੀ। ਕਈ ਵਾਰ ਬਹੁਤੀ ਬਾਰਸ਼ ਹੋਣ ਕਾਰਨ ਕਈ ਥਾਂ ਧਰਤੀ ਹੇਠਲੇ ਪਾਣੀ ਸੇਮ ਨਾਲਿਆਂ ਦੀ ਸ਼ਕਲ ਵਹਿ ਤੁਰਦਾ ਸੀ। 1965 ਤੋਂ ਬਾਅਦ ਖੇਤੀਬਾੜੀ ਯੂਨੀਵਰਸਟੀ ਦੇ ਮਾਹਰਾਂ ਦੁਆਰਾ ਲਿਆਂਦੇ ਹਰੇ ਇਨਕਲਾਬ ਨੇ ਪੈਦਾਵਾਰ 'ਚ ਕਈ ਗੁਣਾਂ ਵਾਧਾ ਕਰ ਦਿੱਤਾ, ਜਿਸ ਨਾਲ ਦੇਸ਼ 'ਚ ਭੁੱਖਮਰੀ ਤਾਂ ਦਰ ਹੋਈ ਹੀ, ਨਾਲ ਹੀ ਕਿਸਾਨੀ ਵੀ ਖੁਸ਼ਹਾਲ ਹੋਈ। ਹੁਣ ਪੰਜਾਬ ਦਾ ਰਕਬਾ ਭਾਰਤ ਦੇ ਕੁਲ ਰਕਬੇ ਦਾ ਡੇਢ ਫ਼ੀਸਦੀ ਰਹਿ ਗਿਆ ਹੈ। ਇਸ ਦੇ ਬਾਵਜੂਦ ਭਾਰਤ ਦੇ ਅਨਾਜ ਭੰਡਾਰ 'ਚ 47 ਫ਼ੀਸਦੀ ਕਣਕ ਅਤੇ 21 ਫ਼ੀਸਦੀ ਚੌਲ ਭੇਜ ਰਿਹਾ ਹੈ। ਇਨ੍ਹਾਂ ਅੰਕੜਿਆਂ ਵਿਚ ਹੀ ਪੰਜਾਬ ਦੇ ਪਾਣੀਆਂ ਦੀ ਤਬਾਹੀ ਦਾ ਰਾਜ ਛੁਪਿਆ ਹੋਇਆ ਹੈ। ਪਾਣੀ ਦੀ ਘਾਟ ਨੇ ਕਿਸਾਨਾਂ ਨੂੰ ਟਿਊਬਵੈੱਲਾਂ ਰਾਹੀ ਸਿੰਚਾਈ ਕਰਨ ਵਲ ਤੋਰਿਆ, ਦੇ ਨਤੀਜੇ ਵਜੋਂ ਹੇਠਲੇ ਪਾਣੀ ਦੀ ਵਰਤੋਂ ਘਾਤਕ ਰੂਪ ਧਾਰਨ ਕਰ ਗਈ। ਅਜੋਕੇ ਸਮੇਂ 'ਚ ਜ਼ਮੀਨੀ ਪਾਣੀ ਦੇ ਹਾਲਾਤ ਇਹ ਹਨ ਕਿ ਪੰਜਾਬ ਵਿਚ ਧਰਤੀ ਹੇਠਲਾ ਪਾਣੀ 164 ਪ੍ਰਤੀਸ਼ਤ ਦੀ ਦਰ ਨਾਲ ਬਾਹਰ ਕਢਿਆ ਜਾ ਰਿਹਾ ਹੈ। ਕੇਂਦਰੀ ਜ਼ਮੀਨੀ ਜਲ ਬੋਰਡ ਦੇ ਅੰਕੜਿਆਂ ਅਨੁਸਾਰ ਪੰਜਾਬ ਦਾ ਜ਼ਮੀਨੀ ਪਾਣੀ ਸਾਲਾਨਾ 18.84 ਬਿਲੀਅਨ ਕਿਊਬਿਕ ਮੀਟਰ ਦੀ ਦਰ ਨਾਲ ਰੀਚਾਰਜ ਹੁੰਦਾ ਹੈ ਜਿਸ ਵਿਚੋਂ 16.98 ਬਿਲੀਅਨ ਕਿਊਬਿਕ ਮੀਟਰ ਪਾਣੀ ਸਾਲਾਨਾ ਕਢਿਆ ਜਾ ਸਕਦਾ ਹੈ ਪਰ 2023 ਦੇ ਅੰਕੜਿਆ ਮੁਤਾਬਕ ਪਾਣੀ ਕੱਢਣ ਦੀ ਦਰ 27.8 ਬਿਲੀਅਨ ਕਿਊਬਿਕ ਮੀਟਰ ਦਰਜ ਕੀਤੀ ਗਈ ਜੋ ਕਿ ਲਗਭਗ ਡੇਢ ਗੁਣਾ ਹੈ। ਇਹ ਅੰਕੜੇ ਭਵਿੱਖ ਲਈ ਇਕ ਚਿੰਤਾਜਨਕ ਤਸਵੀਰ ਪੇਸ਼ ਕਰਦੇ ਹਨ। 2039 ਤੱਕ ਪਾਣੀ ਦਾ ਪੱਧਰ 300 ਮੀਟਰ ਤੋਂ ਥੱਲੇ ਜਾਣ ਦੀ ਸੰਭਾਵਨਾ ਬਣੀ ਹੋਈ ਹੈ।

## ਸਰਕਾਰਾਂ ਦੀ ਅਣਗਹਿਲੀ

ਪੰਜਾਬ ਵਿਚ ਗਹਿਰਾਉਂਦੇ ਪਾਣੀ ਦੇ ਸੰਕਟ ਲਈ ਸੂਬਾ ਤੇ ਕੇਂਦਰ ਸਰਕਾਰਾਂ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਕੇਂਦਰ ਸਰਕਾਰ ਨੇ ਸੰਵਿਧਾਨ ਨੂੰ ਛਿੱਕੇ ਟੰਗ ਕੇ ਪੰਜਾਬ ਤੋਂ ਪਾਣੀਆਂ 'ਤੇ ਉਸ ਦਾ ਹੱਕ ਖੋਹਿਆ ਤੇ ਗੈਰ ਤੋਂ ਪੈਦਾ ਹੁੰਦੀ ਬਿਜਲੀ ਵੀ ਮੁਫ਼ਤ ਦਿਤੀ ਖ਼ਿਲਾਫ਼ ਕੋਈ ਆਵਾਜ਼ ਨਹੀਂ ਚੁੱਕੀ। ਵੰਡ ਤੋਂ ਪਹਿਲਾ ਰਾਜਸਥਾਨ ਪੰਜਾਬ ਪਾਣੀ ਬਦਲੇ ਮਾਲੀਆ ਅਦਾ ਕਰਦਾ ਸੀ, ਜੋ ਕਿ 1947 ਤੋਂ ਬਆਦ ਬੰਦ ਕਰ ਦਿਤਾ ਗਿਆ। ਪੰਜਾਬ ਸਰਕਾਰ ਨੇ ਪਿੱਛੇ ਜਿਹੇ ਅੰਦਾਜ਼ਾ ਲਗਾਇਆ ਕਿ ਦਿੱਲੀ, ਹਰਿਆਣਾ ਤੇ ਰਾਜਸਥਾਨ ਨੂੰ ਦਿਤੇ ਜਾ ਰਹੇ ਦਰਿਆਈ ਪਾਣੀ ਦੇ ਮਾਲੀਏ ਦੀ ਰਕਮ ਕਈ ਲੱਖ ਕਰੋੜ ਬਣਦੀ ਹੈ। ਨਹਿਰੀ ਸਿੰਚਾਈ ਨੂੰ ਅਣਗੌਲਿਆ ਕਰਨ ਤੇ ਹਰੀ ਕ੍ਰਾਂਤੀ ਤੋਂ ਬਾਅਦ ਵੱਡੇ ਪੱਧਰ 'ਤੇ ਹੋਣ ਵਾਲੀ ਝੋਨੇ ਦੀ ਬਿਜਾਈ ਨੇ ਟਿਊਬਵੈਲਾਂ ਦੀ ਗਿਣਤੀ ਨੂੰ ਲੱਖਾਂ 'ਚ ਪਹੁੰਚ ਦਿਤਾ ਹੈ, ਜੋ ਸੰਨ 1965-66 ਦੌਰਾਨ 25-26 ਹਜ਼ਾਰ ਦੇ ਲਗਭਗ ਸੀ। ਪੰਜਾਬ ਰਾਜ ਬਿਜਲੀ ਬੋਰਡ ਪਿਛਲੇ 27 ਸਾਲਾਂ 'ਚ ਲਗਭਗ 1 ਲੱਖ 24 ਹਜ਼ਾਰ ਕਰੋੜ ਦੀ ਬਿਜਲੀ ਸਬਸਿਡੀ ਕਿਸਾਨਾਂ ਨੂੰ ਮਿਲ ਕੇ ਤੁਰੰਤ ਇਸ ਦਾ ਹੱਲ ਕੱਢਣਾ ਦੀ। ਕਿਸਾਨਾ ਨੂੰ ਝੋਨੇ ਦਾ ਬਦਲ ਘੱਟੋ ਘੱਟ ਖ਼ਰੀਦ ਮੁੱਲ ਦੀ ਗਰੰਟੀ ਦੇ ਨਾਲ ਦਿਤਾ ਜਾਵੇ ਅਤੇ ਨਹਿਰੀ ਪਾਣੀ ਰਾਹੀਂ ਸਿੰਚਾਈ ਯਕੀਨੀ ਬਣਾਈ ਜਾਵੇ। ਦੇਸ਼ ਦਾ ਅੰਨ ਭੰਡਾਰ ਭਰਨ ਵਾਲੇ ਪੰਜਾਬ ਦੇ ਪਾਣੀ ਸਮੱਸਿਆ ਭਾਰਤ ਵਿਚ ਅਨਾਜ ਦਾ ਸੰਕਟ ਦੀ ਪੈਦਾ ਕਰ ਸਕਦੀ ਹੈ।

# ਬੀ ਟੀ ਨਰਮੇ ਵਿੱਚ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਦੀ ਸਰਵਪੱਖੀ ਰੋਕਥਾਮ

ਵਿਜੈ ਕੁਮਾਰ ਅਤੇ
ਅਮਨਦੀਪ ਕੌਰ, ਕੀਟ ਵਿਗਿਆਨ
ਵਿਭਾਗ, ਪੀ. ਏ. ਯੂ., ਲੁਧਿਆਣਾ
(ਮੋ. 97797-51214)

## ਚਿੱਟੀ ਮੱਖੀ

ਇਸ ਕੀੜੇ ਦੇ ਜੀਵਨ ਵਿੱਚ ਚਾਰ ਤਰ੍ਹਾਂ ਦੀਆਂ ਅਵਸਥਾਵਾਂ ਹੁੰਦੀਆਂ ਹਨ। ਅੰਡਾ, ਬੱਚਾ, ਪਿਊਪਾ ਪਾਰਦਰਸ਼ੀ ਹੁੰਦੇ ਹਨ ਅਤੇ ਪੱਤਿਆ ਦੇ ਹੇਠਲੇ ਪਾਸੇ ਇਕ ਥਾਂ ਤੇ ਬੈਠ ਕੇ ਰਸ ਚੂਸਦੇ ਹਨ। ਬਾਲਗ ਛੋਟੇ ਆਕਾਰ ਦੇ, ਚਿੱਟੇ ਰੰਗ ਦੇ ਹੁੰਦੇ ਹਨ ਅਤੇ ਪੌਦੇ ਤੋਂ ਰਸ ਚੂਸਦੇ ਹਨ। ਮਾਦਾ ਮੱਖੀ ਔਸਤਨ 57 ਅੰਡੇ ਦੇ ਸਕਦੀ ਹੈ। ਅੰਡੇ ਵਿੱਚੋਂ ਨਿਕਲ ਕੇ ਪਹਿਲੀ ਅਵਸਥਾ ਵਾਲੇ ਬੱਚੇ ਚਪਟੇ ਅੰਡਕਾਰ ਹੁੰਦੇ ਹਨ ਅਤੇ ਥੋੜਾ ਤੁਰ ਸਕਦੇ ਹਨ। ਇਹ ਬੱਚੇ ਆਪਣੇ ਭੋਜਨ ਲਈ ਪੱਤੇ ਉੱਪਰ ਸਹੀ ਜਗ੍ਹਾ ਚੁਣ ਕੇ ਪੱਤੇ ਦੇ ਹੇਠਲੇ ਪਾਸੇ ਚਿੱਪਕ ਜਾਂਦੇ ਹਨ। ਮਾਦਾ ਮੱਖੀ ਦਾ ਜੀਵਨ ਕਾਲ 5-6 ਦਿਨ ਅਤੇ ਨਰ ਮੱਖੀ ਦਾ 4-5 ਦਿਨ ਹੁੰਦਾ ਹੈ। ਚਿੱਟੀ ਮੱਖੀ ਆਪਣਾ ਪੂਰਾ ਜੀਵਨ ਚੱਕਰ 26-44 ਦਿਨਾਂ ਵਿੱਚ ਪੂਰਾ ਕਰਦੀ ਹੈ। ਨਰਮੇ ਦੀ ਰੁੱਤ ਵਿੱਚ ਇਹ ਕੀੜਾ ਆਪਣੀਆਂ 11 ਪੁਸ਼ਤਾਂ ਪੂਰੀਆਂ ਕਰ ਸਕਦਾ ਹੈ।



ਇਹ ਮੱਖੀ ਛੋਟੀ ਉਡਾਣ ਭਰ ਸਕਦੀ ਹੈ, ਪਰ ਹਵਾ ਦੇ ਵਹਾਅ ਨਾਲ ਕਾਫੀ ਲੰਬੀ ਦੂਰੀ ਤੱਕ ਵੀ ਜਾ ਸਕਦੀ ਹੈ।

**ਨੁਕਸਾਨ ਦੇ ਲੱਛਣ :** ਜਵਾਨ ਅਤੇ ਬੱਚੇ ਦੋਵੇਂ ਹੀ ਬੂਟੇ ਦੇ ਪੱਤਿਆਂ ਦਾ ਰਸ ਚੂਸਦੇ ਹਨ ਅਤੇ ਮਲ ਤਿਆਗ (ਚਿਪਚਿਪਾ) ਕਰਦੇ ਹਨ ਜਿਸ ਉੱਪਰ ਬਾਅਦ ਵਿੱਚ ਕਾਲੀ ਉੱਲੀ ਲੱਗ ਜਾਂਦੀ ਹੈ। ਕਾਲੀ ਉੱਲੀ ਕਾਰਨ, ਪੌਦੇ ਆਪਣਾ ਲੋੜੀਂਦਾ ਭੋਜਨ ਤਿਆਰ ਨਹੀਂ ਕਰ ਸਕਦੇ, ਜਿਸ ਕਾਰਨ ਪੌਦੇ ਦਾ ਵਾਧਾ ਰੁਕ ਜਾਂਦਾ ਹੈ ਅਤੇ ਰੂੰ ਦੀ ਕਵਾਇਟੀ ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਇਹ ਮੱਖੀ ਨਰਮੇ ਵਿੱਚ ਪੱਤਾ ਮਰੋੜ ਬਿਮਾਰੀ (ਲੀਫ ਕਰਲ) ਜੋ ਕਿ ਇੱਕ ਵਿਸ਼ਾਣੂੰ ਰੋਗ ਹੈ ਨੂੰ ਵੀ ਫੈਲਾਉਂਦੀ ਹੈ। ਇਸ ਬਿਮਾਰੀ ਦੇ ਲੱਗਣ ਨਾਲ ਪੱਤਿਆਂ ਦੀਆਂ ਨਾੜਾ ਫੈਲ ਜਾਂਦੀਆਂ ਹਨ। ਅਤੇ ਪੱਤੇ ਉੱਪਰ ਨੂੰ ਮੁੜ ਜਾਂਦੇ ਹਨ। ਜ਼ਿਆਦਾ ਹਮਲੇ ਦੀ ਸੂਰਤ ਵਿੱਚ ਪੱਤੇ ਦੇ ਹੇਠਲੇ ਪਾਸੇ ਛੋਟੀਆਂ-ਛੋਟੀਆਂ ਪੱਤੀਆਂ ਨਿਕਲ ਆਉਂਦੀਆਂ ਹਨ। ਬਿਮਾਰੀ ਵਾਲੇ ਬੂਟਿਆਂ ਨੂੰ ਫ਼ਲ ਬਹੁਤ ਘੱਟ ਲੱਗਦਾ ਹੈ।

**ਚਿੱਟੀ ਮੱਖੀ ਦੀ ਰੋਕਥਾਮ ਲਈ ਸਰਵਪੱਖੀ ਤਕਨੀਕ ਨੂੰ ਅਪਣਾਓ**

★ ਬੀ ਟੀ ਨਰਮੇ ਦੀਆਂ ਸਿਫ਼ਰਿਸ਼ ਕਿਸਮਾਂ ਹੀ ਬੀਜੋ ਅਤੇ ਬਿਜਾਈ ਹਰ ਹਾਲਤ ਵਿੱਚ 15 ਮਈ ਤੋਂ ਪਹਿਲਾਂ ਕਰੋ।

★ ਚਿੱਟੀ ਮੱਖੀ ਅਤੇ ਪੱਤਾ ਮਰੋੜ ਬਿਮਾਰੀ ਨਾਲ ਪ੍ਰਭਾਇਤ ਇਲਾਕਿਆਂ ਵਿੱਚ ਦੇਸੀ ਕਪਾਹ ਦੀ ਬਿਜਾਈ ਨੂੰ ਤਰਜੀਹ ਦਿਓ।

★ ਚਿੱਟੀ ਮੱਖੀ ਦੇ ਫੈਲਾਅ ਨੂੰ ਰੋਕਣ ਲਈ ਬਿਜਾਈ ਤੋਂ ਪਹਿਲਾਂ ਖਾਲੀ ਥਾਂਵਾਂ, ਸੜਕਾਂ ਦੇ ਨਿਕਾਰਿਆਂ ਅਤੇ ਖਾਲਿਆਂ ਦੀ ਵੱਟਾਂ ਅਤੇ ਬੇਕਾਰ ਪਈ ਜ਼ਮੀਨ ਵਿੱਚੋ ਚਿੱਟੀ ਮੱਖੀ, ਮਿਲੀਬੱਗ ਅਤੇ ਲੀਫ ਕਰਲ (ਪੱਤਾ ਮਰੋੜ) ਬਿਮਾਰੀ ਦੇ ਬਦਲਵੇਂ ਨਦੀਨ ਜਿਵੇਂ ਕਿ ਕੰਘੀ ਬੂਟੀ, ਪੀਲੀ ਬੂਟੀ, ਪੁੱਠਕੰਡਾ, ਕਾਂਗਰਸ ਘਾਹ, ਧਤੂਰਾ, ਭੰਗ, ਗੁੱਤ ਪੁੱਟਣਾ, ਭੱਖੜਾ, ਇਟਸਿਟ ਅਤੇ ਤਾਂਦਲਾ ਆਦਿ ਨੂੰ ਨਸ਼ਟ ਕਰੋ।

★ ਨਰਮੇ ਤੋਂ ਇਲਾਵਾ ਚਿੱਟੀ ਮੱਖੀ ਦਾ ਹਮਲਾ ਹੋਰ ਫ਼ਸਲਾ ਜਿਵੇਂ ਕਿ ਬੈਂਗਣ, ਖੀਰਾ, ਚੱਪਣ ਕੱਦੂ, ਤਰ, ਆਲੂ, ਟਮਾਟਰ, ਮਿਰਚਾਂ ਆਦਿ ਤੇ ਵੀ ਪਾਇਆ ਜਾਂਦਾ ਹੈ ਇਸ ਵਾਸਤੇ ਫਰਵਰੀ ਮਹੀਨੇ ਤੋਂ ਇਨ੍ਹਾਂ ਫ਼ਸਲਾਂ ਉੱਪਰ ਅਤੇ ਨਰਮੇ ਮੂੰਗੀ ਉੱਪਰ ਅਪ੍ਰੈਲ ਮਹੀਨੇ ਤੋਂ ਲਗਾਤਾਰ ਸਰਵੇਖਣ ਕਰਦੇ ਰਹੋ।

★ ਫ਼ਸਲ ਨੂੰ ਸੋਕਾ ਨਾ ਲਗਣ ਦਿਓ ਕਿਉਕਿ ਇਸ ਨਾਲ ਚਿੱਟੀ ਮੱਖੀ ਦੇ ਹਮਲੇ ਵਿੱਚ ਵਾਧਾ ਹੁੰਦਾ ਹੈ।

★ ਘੱਟ ਲਾਗਤ ਵਾਲੇ ਪੀਲੇ ਕਾਰਡ 40 ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤਾਂ ਵਿੱਚ ਲਗਾਓ ਜੋ ਕਿ ਸ਼ੁਰੂਆਤੀ ਅਵਸਥਾ ਵਿੱਚ ਚਿੱਟੀ ਮੱਖੀ ਦੇ ਵਾਧੇ ਨੂੰ ਰੋਕਣ ਵਿੱਚ ਸਹਾਇਕ ਹਨ।

★ ਦਵਾਈ ਦੇ ਛਿੜਕਾਅ ਲਈ ਫੈਸਲਾ ਕੀੜੇ ਦੇ ਆਰਥਿਕ ਕਗਾਰ ਤੇ ਪਹੁੰਚ ਜਾਣ ਸਮੇਂ ਲੈਣਾ ਚਾਹੀਦਾ ਹੈ ਚਿੱਟੀ ਮੱਖੀ ਦੀ ਰੋਕਥਾਮ ਲਈ ਛਿੜਕਾਅ ਉਸ ਸਮੇਂ ਸ਼ੁਰੂ ਕਰੋ ਜਦੋਂ ਬੂਟੇ ਦੇ ਉੱਪਰਲੇ ਹਿੱਸੇ ਵਿੱਚ ਸਵੇਰ ਨੂੰ 10 ਵਜੇ ਤੋਂ ਪਹਿਲਾ ਇਸ ਦੀ ਗਿਣਤੀ ਪ੍ਰਤੀ ਪੱਤਾ 6 ਹੋ ਜਾਵੇ।

★ ਚਿੱਟੀ ਮੱਖੀ ਦੇ ਹਮਲੇ ਹੋਣ ਤੇ ਸ਼ੁਰੂਆਤੀ ਅਵਸਥਾ ਵਿੱਚ 1200 ਕਿਲੋਮੀਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਪੀ.ਏ.ਯੂ. ਦੁਆਰਾ ਤਿਆਰ ਗਿਆ ਨਿੰਮ ਦਾ ਘੋਲ ਜਾਂ ਨਿੰਬੀਸੀਡੀਨ ਜਾਂ ਅਚੂਕ ਇੱਕ ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋਂ ਕਿਉਕਿ ਕਿ ਇਹ ਮਿੱਤਰ ਕੀੜਿਆਂ ਲਈ ਸੁਰੱਖਿਅਤ ਹਨ।

**ਰਸਾਇਣਿਕ ਰੋਕਥਾਮ**

★ ਕੀਟਨਾਸ਼ਕ 200 ਗ੍ਰਾਮ ਕਲਾਸਟੋ 20 ਡਬਲਯੂ ਜੀ (ਪਇਰੀਫਲੂਕੀਨਾਂਜ਼ੋਨ) ਜਾਂ 400 ਮਿਲੀਲਿਟਰ ਸਫੀਨਾ 50 ਡੀ ਸੀ (ਅਫਿਡੋਪਾਇਰੋਪਿਨ) ਜਾਂ 80 ਗ੍ਰਾਮ ਉਲਾਲਾ 50 ਡਬਲੂਯ ਜੀ (ਫਿਲੋਨਿਕਾਮਿਡ) ਜਾਂ 200 ਗ੍ਰਾਮ ਪੋਲੋ / ਕਰੇਜ਼ / ਰੂਬੀ / ਲੂਡੋ / ਸ਼ੋਕੂ 50 ਡਬਲੂਯ ਪੀ (ਡਇਆਫੈਨਥੂਯੂਰੋਨ) ਜਾਂ 500 ਮਿਲੀਲਿਟਰ ਲੈਨੋ 10 ਈ ਸੀ (ਪਾਈਰੀਪਰੋਕਸੀਫਿਨ) ਜਾਂ 200 ਮਿਲੀਲਿਟਰ ਓਬਰੇਨ / ਵੋਲਟੇਜ਼ 22.9 ਐਸ ਸੀ (ਸਪੈਰੋਮੈਸੀਫਿਨ) ਜਾਂ 800 ਮਿਲੀਲਿਟਰ ਫੋਸਮਾਈਟ / ਈ-ਮਾਈਟ / ਵੈਲਥੀਆਨ / ਗੋਲਡ ਮਿਟ 50 ਈ ਸੀ (ਈਥੀਆਨ) ਜਾਂ 20 ਗ੍ਰਾਮ ਡੋਂਟਟੋਟਸੂ 50 ਡਬਲਯੂ ਜੀ (ਕਲੋਥੀਅਨਡਿਨ) ਦਾ ਪ੍ਰਤੀ ਏਕੜ ਸਪਰੇ ਕਰੋ।




★ ਜੇਕਰ ਪਿੰਡ ਪੱਧਰ ਤੇ ਇੱਕੋ ਸਮੇਂ ਕੀਟਨਾਸ਼ਕ ਦਾ ਛਿੜਕਾਅ ਕਰਨਾ ਸੰਭਵ ਹੋ ਸਕਦਾ ਹੈ ਤਾਂ ਕੀੜਿਆਂ ਦੀ ਰੋਕਥਾਮ ਜ਼ਿਆਦਾ ਅਸਰਦਾਰ ਸਾਬਤ ਹੋ ਸਕਦੀ ਹੈ।

## ਗੁਲਾਬੀ ਸੁੰਡੀ

**ਜੀਵਨ ਚੱਕਰ :** ਆਂਡੇ ਸ਼ੁਰੂ ਵਿੱਚ ਚਿੱਟੇ ਤੇ ਬਾਅਦ ਵਿੱਚ ਸੰਤਰੀ ਰੰਗ ਦੇ ਹੋ ਜਾਂਦੇ ਹਨ। ਅੰਡਿਆਂ ਵਿੱਚੋਂ 3-4 ਦਿਨਾਂ ਤੋਂ ਬਾਅਦ ਸੁੰਡੀ ਨਿਕਲ ਆਉਂਦੀ ਹੈ। ਨਵੀਆਂ ਸੁੰਡੀਆਂ ਚਿੱਟੇ ਰੰਗ ਦੀਆਂ ਅਤੇਂ ਉਹਨਾਂ ਦੇ ਸਿਰ ਕਾਲੇ ਰੰਗ ਦੇ ਹੁੰਦੇ ਹਨ। ਪੂਰੀ ਪਲ ਜਾਣ ਤੇ ਸੁੰਡੀ 10 ਤੋਂ 12 ਮਿਲੀਮੀਟਰ ਹੋ ਜਾਂਦੀ ਹੈ ਅਤੇ ਪੇਟ ਦੇ ਹਰ ਉੱਪਰਲੇ ਭਾਗ ਉੱਤੇ ਗੁਲਾਬੀ ਰੰਗ ਦੀ ਗੂੜ੍ਹੀ ਪੱਟੀ ਦਿਖਾਈ ਦਿੰਦੀ ਹੈ। ਸ਼ੁਰੂਆਤੀ ਹਾਲਤ ਵਿੱਚ ਸੁੰਡੀ ਫੁੱਲ ਖਾਂਦੀ ਹੈ ਬਾਅਦ ਵਿੱਚ ਟੀਡਿਆਂ ਵਿੱਚ ਵੜ ਕੇ ਅੰਦਰੋਂ ਬੀਜ ਖਾਂਦੀ ਹੈ। ਸੁੰਡੀ 10 ਤੋਂ 14 ਦਿਨ ਤੱਕ ਟੀਡਿਆਂ ਵਿੱਚ ਪਲਦੀ ਹੈ। ਇਸ ਕੀੜੇ ਦਾ ਕੋਆ ਦੀ ਅਵਸਥਾ 7 ਤੋਂ 10 ਦਿਨ ਦੀ ਹੁੰਦੀ ਹੈ। ਇਸ ਕੀੜੇ ਦੇ ਪਤੰਗੇ ਗੂੜੇ ਖਾਕੀ ਰੰਗ ਦੇ ਹੁੰਦੇ ਹਨ ਅਤੇ ਪਿਛਲੇ ਖੰਡ ਦੀਆਂ ਕੰਨੀਆਂ ਉੱਪਰ ਲੰਮੇ-ਲੰਮੇ ਵਾਲਾਂ ਦੀ ਝਾਲਰ ਬਣੀ ਨਜ਼ਰ ਆਉਂਦੀ ਹੈ।

**ਨੁਕਸਾਨ ਦੇ ਚਿੰਨ੍ਹ :** ਜੰਮਣ ਤੋਂ ਦੋ ਦਿਨਾਂ ਦੇ ਅੰਦਰ ਛੋਟੀ ਸੁੰਡੀ ਫੁੱਲਾਂ ਜਾਂ ਛੋਟੇ ਟੀਡਿਆਂ ਵਿੱਚ ਵੜ ਜਾਂਦੀ ਹੈ। ਸੁੰਡੀ ਜ਼ਿਆਦਾਤਰ ਬਣ ਰਹੇ ਬੀਜ ਨੂੰ ਖਾਣਾ ਪਸੰਦ ਕਰਦੀ ਹੈ ਅਤੇ ਪਿਊਪੇ ਵੀ ਅਵਸਥਾ ਬੀਜ ਜਾਂ ਟੀਡੇ ਵਿੱਚ ਗੁਜਾਰਦੀ ਹੈ। ਬਾਅਦ ਵਿੱਚ ਹਮਲੇ ਵਾਲੇ ਟੀਡਿਆਂ ਦੀ ਰੂੰ ਨੂੰ ਉੱਲੀ ਲੱਗ ਜਾਂਦੀ ਹੈ। ਸੁੰਡੀ ਫੁੱਲ ਡੋਡੀਆਂ, ਫੁੱਲਾਂ ਅਤੇ ਟੀਡਿਆਂ ਦਾ ਨੁਕਸਾਨ ਕਰਦੀ ਹੈ। ਹਮਲੇ ਵਾਲੇ ਫੁੱਲ ਭੰਬੀਰੀਆਂ ਬਣ ਜਾਂਦੇ ਹਨ, ਜਿਨ੍ਹਾਂ ਵਿੱਚ ਪਰਾਗਣ ਨਾਲ ਲਥਪਥ ਗੁਲਾਬੀ ਸੁੰਡੀਆਂ ਪਈਆਂ ਨਜ਼ਰ ਆਉਂਦੀਆਂ ਹਨ। ਛੋਟੇ ਟੀਡੇ ਤੇ ਡੋਡੀਆਂ ਕਈ ਵਾਰੀ ਹਮਲੇ ਕਾਰਨ ਝੜ ਵੀ ਜਾਂਦੇ ਹਨ। ਸੁੰਡੀਆਂ ਟੀਡੇ ਦੇ ਵਿੱਚ ਬਣ ਰਹੇ ਬੀਜਾਂ ਨੂੰ ਖਾਂਦੀਆਂ ਹਨ, ਜਿਸ ਕਰਕੇ ਟੀਡੇ ਵਿੱਚ ਬਣ ਰਹੀ ਰੂੰ ਵੀ ਖਰਾਬ ਹੋ ਜਾਂਦੀ ਹੈ। ਹਮਲੇ ਵਾਲੇ

ਬਾਕੀ ਸਫਾ 6 'ਤੇ



ਬਾਕੀ ਸਫਾ 5 ਦੀ

# ਬੀ ਟੀ ਨਰਮੇ ਵਿੱਚ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਦੀ ਸਰਵਪੱਖੀ ਰੋਕਥਾਮ

ਟੀਂਡੇ ਗਲ ਜਾਂਦੇ ਹਨ ਤੇ ਰੂੰ ਵੀ ਦਾਗੀ ਹੋ ਜਾਂਦੀ ਹੈ । ਹਮਲੇ ਵਾਲੇ ਟੀਂਡੇ ਪੂਰੀ ਤਰ੍ਹਾਂ ਖਿੜਦੇ ਵੀ ਨਹੀਂ । ਸਰਦੀ ਦੇ ਮੌਸਮ ਵਿੱਚ ਗੁਲਾਬੀ ਸੁੰਡੀ ਦੋ ਬੀਜਾਂ ਨੂੰ ਜੋੜ ਕੇ ਉਨ੍ਹਾਂ ਵਿੱਚ ਸੁਸਤੀ ਹੀ ਹਾਲਤ ਵਿੱਚ ਪਈ ਰਹਿੰਦੀ ਹੈ । ਜੁਲਾਈ ਤੋਂ ਅਕਤੂਬਰ ਤੱਕ ਇਹ ਕੀੜਾ ਨਰਮੇ/ਕਪਾਹ ਦਾ ਜ਼ਿਆਦਾ ਨੁਕਸਾਨ ਕਰਦਾ ਹੈ ।

**ਗੁਲਾਬੀ ਸੁੰਡੀ ਦਾ ਫੈਲਾਅ :** ਗੁਲਾਬੀ ਸੁੰਡੀ ਦੇ ਹਮਲੇ ਨੂੰ ਅਗਲੇ ਸਾਲ ਠੱਲ੍ਹ ਪਾਉਣ ਲਈ ਇਸ ਦੀ



ਨਾਜ਼ਕ ਕੜੀ ਨੂੰ ਤੋੜਨਾ ਚਾਹੀਦਾ ਹੈ । ਪੁਰਾਣੀਆਂ ਛਿਟੀਆਂ ਵਿੱਚ ਪਏ ਅੱਧ ਖੁੱਲ੍ਹੇ ਟੀਂਡਿਆਂ ਵਿੱਚ ਇਹ ਸੁੰਡੀ ਰਹਿੰਦੀ ਹੈ । ਪੁਰਾਣੀਆਂ ਛਿਟੀਆਂ ਵਿੱਚ ਪਏ ਅੱਧ ਖੁੱਲ੍ਹੇ ਟੀਂਡਿਆਂ ਵਿੱਚ ਇਹ ਸੁੰਡੀ ਰਹਿੰਦੀ ਹੈ । ਤੇਲ ਅਤੇ ਰੂੰ ਮਿਲ੍ਹਾਂ ਵਿੱਚ ਪਏ ਨਰਮੇ ਵਿੱਚ ਅਤੇ ਵੇਲਾਈ ਸਮੇਂ ਦੀ ਸਾਰੀ ਬਚਖੁਚ ਅਤੇ ਜਿਹੜਾ ਬੀਜ ਤੇਲ ਮਿੱਲ੍ਹਾਂ ਵਿੱਚ ਪੀੜਿਆ ਨਾ ਗਿਆ ਹੋਵੇ ਅਤੇ ਤੇਲ ਮਿੱਲ੍ਹਾਂ/ਰੂੰ ਮਿੱਲ੍ਹਾਂ ਵਿੱਚ ਪਈ ਬੀਜਾਂ ਦੇ ਭੰਡਾਰ ਵਿੱਚ ਵੀ ਇਹ ਸੁੰਡੀ ਪਕਦੀ ਹੈ । ਜੋ ਕਿ ਮੌਸਮ ਨਾਲ ਪਿਊਪਾ ਬਣ ਕੇ ਪਤੰਗੇ ਦੇ ਰੂਪ ਵਿੱਚ ਬਾਹਰ ਆਉਂਦੀ ਹੈ ਅਤੇ ਨਵੇਂ ਖੁੱਲ੍ਹੇ ਫੁੱਲਾਂ ਜਾਂ ਛੋਟੇ ਬਣੇ ਟੀਂਡਿਆਂ ਵਿੱਚ ਅੰਡੇ ਦੇ ਦਿੰਦੀ ਹੈ । ਜਿੱਥੇ ਤੱਕ ਹੋ ਸਕੇ ਫ਼ਸਲ ਦੀ ਚੁਗਾਈ ਜਲਦੀ ਕਰ ਦਿਓ ।

**ਸਰਵਪੱਖੀ ਰੋਕਥਾਮ :** ਇਸ ਕੀੜੇ ਦਾ ਜੀਵਨ ਚੱਕਰ ਅਤੇ ਫੈਲਾਅ ਦੇਖਦਿਆਂ ਨੂੰ ਮੱਦੇਨਜ਼ਰ ਰੱਖਦੇ ਹੋਏ, ਪਿੰਡ ਪੱਧਰ ਤੇ ਇੱਕਠ ਹੋ ਕੇ ਇਸ ਦੀ ਰੋਕਥਾਮ ਕਰਨੀ ਚਾਹੀਦੀ ਹੈ । ਇਸ ਦੀ ਸੁਚੱਜੀ ਰੋਕਥਾਮ ਲਈ ਹੇਠਾਂ ਦੱਸੀ ਵਿਉਂਤਬੰਦੀ ਅਪਨਾਉਣ ਦੀ ਲੋੜ ਹੈ ।

**ਕਾਸ਼ਤਕਾਰੀ ਢੰਗਾਂ ਰਾਹੀਂ ਰੋਕਥਾਮ**

★ ਨਰਮੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਤੇ ਅਗੇਤੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹੀ ਬੀਜੋ ।

★ ਬਿਜਾਈ ਹਰ ਹਾਲਤ ਵਿੱਚ 15 ਮਈ ਤੱਕ ਕਰ ਦਿਓ ਤਾਂ ਕੀ ਲੇਟ ਬਿਲਜਲੀ ਵਾਲੀ ਫਸਲਾਂ ਤੇ ਹਮਲਾ ਵੱਧ ਹੁੰਦਾ ਹੈ ।

★ ਰਿਫ੍ਯੂਜੀਆ (ਬੀ ਟੀ ਰਹਿਤ) ਬੀਟੀ ਨਰਮੇ ਦੇ ਆਲੇ ਦੁਆਲੇ ਜ਼ਰੂਰ ਬੀਜਣਾ ਚਾਹੀਦਾ ਹੈ ਜਿਸ ਕਾਰਨ ਗੁਲਾਬੀ ਸੁੰਡੀ ਵਿੱਚ ਬੀਟੀ ਜੀਨ ਪ੍ਰਤੀਰੋਧਕਰਤਾ ਨਹੀਂ ਹੁੰਦੀ ।

★ ਗੈਰ ਬੀ ਟੀ ਦੇ ਰੂੰ ਵਾਲੇ ਬੀਜ ਵਿੱਚ ਗੁਲਾਬੀ ਸੁੰਡੀ ਦੇ ਲਾਰਵੇ ਹੋ ਸਕਦੇ ਹਨ ਇਸ ਲਈ ਬੀਜ ਨੂੰ ਲੂੰ ਰਹਿਤ ਕਰਕੇ ਜਾਂ ਫਿਰ ਅਪ੍ਰੈਲ ਮਹੀਨੇ ਵਿੱਚ ਲਗਾਤਾਰ 3-4 ਦਿਨ ਧੁੱਪੇ ਸਕਾ ਕੇ ਬੀਜੋ ।

★ ਗੁਲਾਬੀ ਸੁੰਡੀ ਦੇ ਹਮਲੇ ਨੂੰ ਅਗਲੇ ਸਾਲ ਠੱਲ੍ਹ ਪਾਉਣ ਲਈ ਜਿੱਥੇ ਤੱਕ ਹੋ ਸਕੇ ਫ਼ਸਲ ਦੀ ਚੁਗਾਈ ਜਲਦੀ ਕਰ ਲਓ । ਇਸ ਤਰ੍ਹਾਂ ਕਰਨ ਲਈ ਅਖੀਰਲਾ ਪਾਣੀ ਸਤੰਬਰ ਦੇ ਅੰਤ ਵਿੱਚ ਲਾ; ਦਿਓ ।

★ ਨਰਮੇ ਦੀ ਖੜ੍ਹੀ ਫ਼ਸਲ ਵਿੱਚ ਕਣਕ ਨਹੀਂ ਬੀਜਣੀ ਚਾਹੀਦੀ । ਜਿਨ੍ਹਾਂ ਖੇਤਾਂ ਵਿੱਚ ਕਣਕ ਦੀ ਬਿਜਾਈ ਨਰਮੇ ਦੀ ਖੜ੍ਹੀ ਫ਼ਸਲ ਦੇ ਨਾਲ ਹੀ ਕੀਤੀ ਜਾਂਦੀ ਹੈ ਉਨ੍ਹਾਂ ਖੇਤਾ ਵਿੱਚ ਨਰਮੇ ਦੀਆਂ ਛਿਟੀਆਂ ਤੁਰੰਤ ਪੁੱਟ ਲੈਣੀ ਚਾਹੀਦਆਂ ਹਨ

**ਖੇਤਾਂ ਵਿੱਚ ਗੁਲਾਬੀ ਸੁੰਡੀ ਦੇ ਫੈਲਾਅ ਨੂੰ ਰੋਕਣ ਲਈ ਛਿਟੀਆਂ ਦੀ ਸਾਂਭ ਸੰਭਾਲ**

★ ਆਖਰੀ ਚੁਣਾਈ ਤੋਂ ਬਾਅਦ ਪਸ਼ੂਆਂ ਨੂੰ ਫ਼ਸਲ ਦਾ ਬਚਖੁਚ, ਪੱਤੇ ਅਤੇ ਅਣਖਿੜੇ ਟੀਂਡੇ ਖਾਣ ਲਈ ਕਪਾਹ ਦੇ ਖੇਤਾਂ ਵਿੱਚ ਛੱਡ ਦਿਓ । ਛਿਟੀਆਂ ਦੇ ਢੇਰ ਲਾਉਣ ਤੋਂ ਪਹਿਲਾਂ ਕੱਟੀਆਂ ਹੋਈਆਂ ਛਿਟੀਆਂ ਨੂੰ ਜ਼ਮੀਨ ਤੇ ਮਾਰ ਮਾਰ ਕੇ ਅਣਖਿੜੇ ਟੀਂਡੇ ਅਤੇ ਸਿੱਕਰੀਆਂ ਨੂੰ ਝਾੜ ਦਿਓ ਜ਼ ਤੋੜ ਲਓ । ਇਸ ਤਰ੍ਹਾਂ ਇੱਕਠੀਆਂ ਹੋਈਆਂ ਸਿੱਕਰੀਆਂ ਅਤੇ ਟੀਂਡਿਆਂ ਦੇ ਢੇਰ ਨੂੰ ਜਲਦੀ ਨਸ਼ਟ ਕਰ ਦਿਓ ।

★ ਆਖਰੀ ਚੁਗਾਈ ਤੋਂ ਬਾਅਦ ਗੁਲਾਬੀ ਸੁੰਡੀ ਦੇ ਹਮਲੇ ਵਾਲੇ ਨਰਮੇ ਦੇ ਖੇਤਾਂ ਵਿੱਚ ਬਚੀਆਂ ਛਿਟੀਆਂ ਨੂੰ ਸ਼ਰੈਡਰ ਦੁਆਰਾ ਖੇਤਾਂ ਵਿੱਚ ਵਾਹ ਦਿਓ ਤਾਂ ਜੋ ਗੁਲਾਬੀ ਸੁੰਡੀ ਨੂੰ ਠੱਲ੍ਹ ਪਾਈ ਜਾ ਸਕੇ ।

★ਕਪਾਹ ਦੀਆਂ ਛਿਟੀਆਂ ਇੱਕਠੀਆਂ ਕਰਕੇ ਛਾਵੇਂ ਜਮੀਨ ਦੇ ਸਮਾਨੰਤਰ ਰੱਖਣ ਨਾਲ ਸੁਸਤ ਹਾਲਤ ਵਿੱਚ ਟੀਂਡੇ ਦੀ ਗੁਲਾਬੀ ਸੁੰਡੀ ਗਰਮੀਆਂ ਵਿੱਚ ਘੱਟ ਮਰਦੀ ਹੈ । ਛਿਟੀਆਂ ਨੂੰ ਵੱਢ ਕੇ ਖੇਤ ਵਿੱਚ ਰੱਖਣ ਨਾਲ ਇਹ ਕੀੜੇ ਬਹੁਤ ਛੇਤੀ ਫੈਲਦੇ ਹਨ । ਨਰਮੇ ਦੀਆਂ ਛਿਟੀਆਂ ਦੇ ਢੇਰ ਖੇਤ ਵਿੱਚ ਨਾ ਲਗਾਓ, ਸਗੋਂ ਪਿੰਡ ਵਿੱਚ ਲਗਾਓ । ਛਿਟੀਆਂ ਦੀਆਂ ਭਰੀਆਂ ਦੇ ਢੇਰ ਖੜ੍ਹਵ ਅਤੇ ਅਤੇ ਰੁੱਖ/ਦਰੱਖਤ ਆਦਿ ਦੀ ਛਾਂ ਤੋਂ ਪਰੇ ਧੁੱਪ ਵਿੱਚ ਲਗਾਓ ।

★ ਹਮਲੇ ਵਾਲੇ ਖੇਤਾਂ ਦੀਆਂ ਛਿਟੀਆਂ ਨੂੰ ਨਵੀਂ ਜਗ੍ਹਾਂ ਤੇ ਨਾ ਲਿਜਾਓ ।

★ ਨਰਮੇ ਦੀਆਂ ਛਟੀਆਂ ਨੂੰ ਫਰਵਰੀ ਤੱਕ ਬਾਲ ਲੈਣਾ ਚਾਹੀਦਾ ਹੈ ਜਾਂ ਖਤਮ ਕਰ ਦੇਣਾ ਚਾਹੀਦਾ ਹੈ ।

**ਨਰਮ ਪੱਟੀ ਵਿੱਚ ਪੈਂਦੀਆਂ ਮਿਲ੍ਹਾਂ ਤੋਂ ਗੁਲਾਬੀ ਸੁੰਡੀ ਦੇ ਫੈਲਾਅ ਦੀ ਰੋਕਥਾਮ**

★ ਰੂੰ ਮਿਲ੍ਹਾਂ ਵਿੱਚ ਪਏ ਨਰਮੇ ਨੂੰ ਖੁੱਲ੍ਹੇ ਵਿੱਚ ਨਾ ਰੱਖੋ ਸਗੋਂ ਇਸ ਨੂੰ ਪੋਲੀਥੀਨ ਸ਼ੀਟ ਨਾਲ ਢੱਕ ਦਿਓ ।

★ ਮਾਰਚ ਦੇ ਅਖੀਰ ਤੱਕ ਨਰਮੇ ਨੂੰ ਵੇਲ ਲੈਣਾ ਚਾਹੀਦਾ ਹੈ ਅਤੇ ਵੇਲਾਈ ਸਮੇਂ ਦੀ ਸਾਰੀ ਬਚਖੁਚ ਨਸ਼ਟ ਕਰ ਦਿਓ ।

★ ਜਿਹੜਾ ਬੀਜ ਤੇਲ ਮਿੱਲ੍ਹਾਂ ਵਿੱਚ ਪੀੜਿਆ ਨਾ ਗਿਆ ਹੋਵੇ ਉਸ ਨੂੰ ਸੈਲਫਾਸ/ਫਾਸਟੋਕਸਨ/ਡੈਲੀਸ਼ੀਆ ਦੀ ਤਿੰਨ ਗ੍ਰਾਮ ਦੀ ਗੋਲੀ ਨਾਲ ਪ੍ਰਤੀ ਘਣ ਮੀਟਰ ਦੇ ਹਿਸਾਬ ਨਾਲ 48 ਘੰਟੇ ਲਈ ਜਾਂ ਦੋ ਗੋਲੀਆਂ 24 ਘੰਟੇ ਲਈ ਧੂਣੀ ਦਿਓ ।

★ ਤੇਲ ਮਿਲ੍ਹਾਂ ਨੂੰ ਬੀਜ ਵੇਚਣ ਤੋਂ ਪਹਿਲਾਂ ਤੇਜ਼ਾਬ ਰਾਹੀਂ ਲੂੰ ਰਹਿਤ ਕਰ ਲੈਣਾ ਚਾਹੀਦੇ ਹਨ ।

★ ਅਪ੍ਰੈਲ-ਮਈ ਦੇ ਮਹੀਨੇ ਜੇਕਰ ਤੇਲ ਮਿਲ੍ਹਾਂ/ਰੂੰ ਮਿਲ੍ਹਾਂ ਵਿੱਚ ਬੀਜਾਂ ਦਾ ਭੰਡਾਰ ਹਮੇਸ਼ਾ ਢੱਕ ਕੇ ਰੱਖੋ ਕਿਉਂਕਿ ਇਨ੍ਹਾਂ ਵਿੱਚੋਂ ਗੁਲਾਬੀ ਸੁੰਡੀ ਦੇ ਪਤੰਗੇ ਨਿਕਲ ਕੇ ਨੇੜੇ ਬੀਜੇ ਗਏ ਨਰਮੇ ਤੇ ਵਧੇਰੇ ਹਮਲਾ ਕਰਦੇ ਹਨ ।

★ ਗੁਲਾਬੀ ਸੁੰਡੀ ਦੇ ਹਮਲੇ ਵਾਲੇ ਖੇਤਾਂ ਵਿੱਚੋਂ ਚੁਗੇ ਹੋਏ ਨਰਮ ਨੂੰ ਹਮਲੇ ਰਹਿਤ ਖੇਤਰ ਵਿੱਚ ਪੈਂਦੀਆਂ ਮਿਲ੍ਹਾਂ ਵਿੱਚ ਨਾ ਲਿਜਾਓ ।

★ ਰੂੰ ਮਿਲ੍ਹਾਂ ਅਤੇ ਤੇਲ ਮਿਲ੍ਹਾਂ ਦੇ ਨੇੜੇ ਫਿਰੋਮੋਨ ਟਰੈਪ ਜ਼ਰੂਰ ਲਗਾਓ ਤਾਂ ਜੋ ਗੁਲਾਬੀ ਸੁੰਡੀ ਦੇ ਹਮਲੇ ਦਾ ਜਲਦੀ ਪਤਾ ਲੱਗ ਸਕੇ ।



★ ਪਿੰਡ ਪੱਧਰ ਤੇ ਮੁਹਿੰਮ ਚਲਾਉਣੀ ਚਾਹੀਦੀ ਹੈ ਤਾਂ ਜੋ ਅਗਲੇ ਸੀਜ਼ਨ ਗੁਲਾਬੀ ਸੁੰਡੀ ਦਾ ਹਮਲਾ ਘੱਟ ਜਾਵੇ ।

**ਗੁਲਾਬੀ ਸੁੰਡੀ ਦੀ ਫਿਰੋਮੋਨ ਤਕਨੀਕ ਰਾਹੀਂ ਰੋਕਥਾਮ :** ਗੁਲਾਬੀ ਸੁੰਡੀ ਦੇ ਫਿਰੋਮੋਨ (ਗੋਸੀਪਲਊਰ 4×7, 11 ਹੈਕਸਾਡੇਕਾਡਾਈਨਾਇਲ) ਆਧਾਰਿਤ ਸਪਲੈਟ (ਫਿਰੋਮੋਨ ਅਧਾਰਿਤ ਖਾਸ ਟੈਕਨੋਲੋਜੀ) ਕਰੈਮਿਟ ਪੀ ਬੀ ਡਬਲਯੂ ਨੂੰ 125 ਗ੍ਰਾਮ ਮਾਤਰਾ ਪ੍ਰਤੀ ਏਕੜ ਦੇ ਹਿਸਾਬ ਨਾਲ ਨਰਮੇ ਦੀ ਫਸਲ ਤੇ



ਪਹਿਲੀ ਵਾਰ ਫੁੱਲ-ਡੋਡੀ ਆਉਣ ਤੇ (ਬਿਜਾਈ ਤੋਂ 45-55 ਦਿਨ ਬਾਅਦ) ਇੱਕ ਏਕੜ ਵਿੱਚ 400 ਬੂਟਿਆਂ ਤੇ ਇਕਸਾਰ ਲਗਾਇਆ ਜਾਵੇ । ਦੂਜੀ ਅਤੇ ਤੀਜੀ ਮਾਤਰਾ ਨੂੰ ਇੱਕ-ਇੱਕ ਮਹੀਨੇ ਦੇ ਵਕਫੇ ਤੇ ਦੁਹਰਾਇਆ ਜਾਵੇ । ਲਗਾਉਣ ਦੀ ਵਿਧੀ ਅਨੁਸਾਰ ਮਟਰ ਦੇ ਦਾਣੇ ਜਿਨ੍ਹਾਂ ਪੇਸਟਨੁਮਾ ਫਿਰੋਮੋਨ ਨੂੰ ਬੂਟੇ ਦੇ ਸਿਖਰ ਤੇ ਪੰਜਵੀਂ/ਛੇਵੀਂ ਪੱਤੇ ਅਤੇ ਤਣੇ ਦੇ ਜੋੜ ਤੇ ਲਗਾਇਆ ਜਾਵੇ । ਇਸ ਤਕਨੀਕ ਦਾ ਜ਼ਿਆਦਾ ਲਾਭ ਲੈਣ ਲਈ ਸਹੀ ਸਮੇਂ ਅਤੇ ਵੱਡੇ ਪੱਧਰ ਤੇ ਜ਼ਿਆਦਾ ਖੇਤਾਂ ਵਿੱਚ ਲਗਾਉਣਾ ਜ਼ਰੂਰੀ ਹੈ । ਜੇਕਰ ਲਗਾਉਣ ਤੋਂ 4-5 ਘੰਟਿਆਂ ਅੰਦਰ ਮੀਂਹ ਪੈ ਜਾਂਦਾ ਹੈ ਤਾਂ ਇਸਦੀ ਵਰਤੋਂ ਦੁਹਰਾਓ ਜਾਂ ਗੁਲਾਬੀ ਸੁੰਡੀ ਦੇ ਫੀਰਮੋਨ ਗੋਸਿਪਲਉਰ 4% (7,11 ਹੈਕਸਾਡੇਕਾਡਾਈਨਾਇਲ) ਤੇ ਪੀਬੀ ਰੋਪ ਆਧਾਰਿਤ ਉਤਪਾਦ ਪੀਬੀ ਨੋਟ ਨੂੰ 25 ਹੈਕਟੇਅਰ ਖੇਤਰ ਦੇ ਬਲਾਕ ਵਿੱਚ ਫੁੱਲ-ਡੋਡੀ ਦੀ ਆਮਦ ਤੇ (ਬਿਜਾਈ ਤੋਂ 40 ਤੋਂ 50 ਦਿਨ ਦੇ ਵਕਫ਼ੇ ਤੇ) ਤੇ ਵਰਤੋਂ ਕਰੋ । ਲਗਾਉਣ ਦੀ ਵਿਧੀ ਅਨੁਸਾਰ ਪੀਬੀ ਨੋਟ ਦੀ ਤਾਰ ਨੂੰ ਨਰਮੇ ਦੇ ਪੌਦਿਆਂ ਦੀ ਉੱਪਰਲੀ ਛੱਤਰੀ ਤੇ ਬਾਹਰਲੇ ਬਲਾਕ ਦੀਆਂ ਸਰਹੱਦਾਂ ਤੇ ਇਕ ਮੀਟਰ ਦੀ ਦੂਰੀ ਤੇ ਬੰਨ੍ਹ ਦਿਓ । ਜਦੋਂ ਕਿ ਬਲਾਕ ਅੰਦਰਵਾਰ ਪੀਬੀ ਨੋਟ ਨੂੰ ਇੱਕ ਦੂਜੇ ਤੋਂ ਪੰਜ ਮੀਟਰ ਦੀ ਦੂਰੀ ਤੇ ਬੰਨ੍ਹ ਦਿਓ । ਹਰ ਇੱਕ ਬਲਾਕ ਦੇ 25 ਹੈਕਟੇਅਰ ਖੇਤਰ ਵਿੱਚ ਕੁੱਲ 9875 ਤਾਰਾਂ ਨੂੰ ਨਰਮੇ ਦੇ ਪੌਦਿਆਂ ਤੇ ਬੰਨ੍ਹਣਾ ਚਾਹੀਦਾ ਹੈ । ਇਸ ਤਕਨੀਕ ਦਾ ਸਰਵੋਤਮ ਲਾਭ ਲੈਣ ਲਈ ਸਮੇਂ ਅਤੇ ਵੱਡੇ ਪੱਧਰ ਤੇ ਲਗਾਉਣਾ ਜ਼ਰੂਰੀ ਹੈ । ਇਸ ਤਕਨੀਕ ਉੱਤੇ ਮੀਂਹ ਦਾ ਕੋਈ ਅਸਰ ਨਹੀਂ ਪੈਂਦਾ । ਇਹ ਤਕਨੀਕ ਨਰਮੇ ਦੇ ਹੋਰ ਕੀੜੇ-ਮਕੌੜਿਆਂ ਦੇ ਪ੍ਰਬੰਧਨ ਲਈ ਕੀਟਨਾਸ਼ਕਾਂ ਦੀ ਵਰਤੋਂ ਦੀ ਆਗਿਆ ਦਿੰਦਾ ਹੈ ।

**ਗੁਲਾਬੀ ਸੁੰਡੀ ਦਾ ਸਰਵੇਖਣ**

★ ਗੁਲਾਬੀ ਸੁੰਡੀ ਦੇ ਸਰਵੇਖਣ ਲਈ ਸਟਿਕਾ/ਡੈਲਟਾ ਟਰੈਪ ਮਿੱਲ੍ਹਾਂ ਦੇ ਆਲੇ ਦੁਆਲੇ ਅਤੇ ਨਰਮੇ ਦੇ ਖੇਤਾ ਵਿੱਚ ਲਗਾਓ । ਟਰੈਪ ਫ਼ਸਲ ਤੋਂ 15 ਸੈਂਟੀਮੀਟਰ ਉੱਚਾ ਰੱਖੋ । ਲਿਓਰ ਨੂੰ 15 ਦਿਨਾਂ ਬਾਅਦ ਬਦਲੋਂ ਅਤੇ ਇਕ ਟ੍ਰੈਪ ਪ੍ਰਤੀ ਏਕੜ ਵਰਤੋ ।

**ਗੁਲਾਬੀ ਸੁੰਡੀ ਦੇ ਆਰਥਿਕ ਨੁਕਸਾਨ ਦੀ ਜਾਂਚ ਕਰਨ ਦੇ ਤਰੀਕੇ**

★ ਜਦੋਂ ਨਰਮੇ ਨੂੰ ਫੁੱਲ ਡੋਡੀ ਲੱਗਣੀ ਸ਼ੁਰੂ ਹੋ ਜਾਵੇ ਤਾਂ ਹਫਤੇ ਦੇ ਵਕਫੇ ਤੇ ਭੰਬੀਬੀ ਬਣੇ ਫੁੱਲਾਂ ਦਾ ਸਰਵੇਖਣ ਕਰੋ ।

★ ਖੇਤ ਵਿੱਚੋਂ ਅਲੱਗ ਜਗ੍ਹਾ ਤੋਂ 100 ਫੁੱਲਾਂ ਦੀ ਜਾਂਚ ਕਰੋ ਇਨ੍ਹਾਂ ਵਿੱਚੋ ਉੱਪਰ ਦਿਖਾਵੇ ਗਏ ਗੁਲਾਬਨੁਮਾ ਫੁੱਲ ਅਤੇ ਸੁੰਡੀ ਦੁਆਰਾ ਨੁਕਸਾਨ ਕੀਤੇ ਜਾਦੇ ਗਏ 5 ਫੁੱਲ ਮਿਲਦੇ ਹਨ ਤਾਂ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਸਪਰੇਅ ਕਰੋ ।

★ ਖੇਤ ਵਿੱਚੋਂ ਅਲੱਗ ਅਲੱਗ ਪੌਦਿਆਂ ਵਿੱਚੋਂ 20 ਹਰੇ ਟੀਂਡੇ ਤੋੜ ਕੇ ਟੀਂਡੇ ਵਿੱਚ ਵੜੀ ਗੁਲਾਬੀ ਸੁੰਡੀ ਨੂੰ ਗਿਣੋ, ਜੇਕਰ ਇਸ ਵਿੱਚੋਂ 1 ਜਾਂ ਇੱਕ ਤੋਂ ਜ਼ਿਆਦਾ ਸੁੰਡੀਆਂ ਮਿਲਦੀਆਂ ਹਨ ਤਾਂ ਇਸ ਸੁੰਡੀ ਦੀ ਰੋਕਥਾਮ ਲਈ ਸਪਰੇਅ ਕਰੋ ।

**ਰਸਾਇਣਿਕ ਰੋਕਥਾਮ**

★ ਨਰਮੇ ਦੀ 60 ਤੋਂ 120 ਦਿਨ ਦੀ ਫ਼ਸਲ ਉੱਪਰ ਗੁਲਾਬੀ ਸੁੰਡੀ ਦਾ ਫੁੱਲਾਂ ਜਾਂ ਟੀਂਡਿਆਂ ਤੇ ਹਮਲਾ 5 ਪ੍ਰਤੀਸ਼ਤ ਤਕ ਪਹੁੰਚ ਜਾਵੇ ਤਾਂ ਇਸ ਦੀ ਰੋਕਥਾਮ ਲਈ 100 ਗ੍ਰਾਮ ਪ੍ਰੋਕਲੇਮ 5 ਐਸਦ ਜੀ (ਐਮਮੈਕਟੀਨ ਬੈਨਜ਼ਏਟ) ਜਾਂ 500 ਮਿਲੀਲਿਟਰ ਕਿਊਰਾਕਰਾਨ ਈ ਸੀ (ਪ੍ਰਫ਼ੀਨੋਫੋਸ) ਜਾਂ 200 ਮਿਲੀਲਿਟਰ ਅਵਾਂਟ 14.5 ਐਸ ਸੀ (ਇੰਡੋਕਸਾਕਾਰਬ) ਜਾਂ 250 ਗ੍ਰਾਮ ਲਾਰਵਿਨ 75 ਡਬਲਯੂ ਪੀ (ਥਾਇਓਡੀਕਾਰਬ) ਜਾਂ 800 ਮਿਲੀਲਿਟਰ ਫੋਸਮਾਇਟ 50 ਈ ਸੀ (ਈਥੀਓਨ) ਪ੍ਰਤੀ ਏਕੜ ਦਾ ਛਿੜਕਾਅ ਕਰੋ ।

★ ਨਰਮੇ ਦੀ 120 ਤੋਂ 150 ਦਿਨ ਦੀ ਫਸਲ ਉੱਪਰ ਗੁਲਾਬੀ ਸੁੰਡੀ ਦੀ ਰੋਕਥਾਮ ਲਈਂ 300 ਮਿਲੀਲਿਟਰ ਡੈਨੀਟੋਲ/ਮੀਓਥ੍ਰਿਨ 10 ਈ ਸੀ (ਫੈਨਪ੍ਰੋਪੈਥ੍ਰਿਨ) ਜਾਂ 160 ਮਿਲੀਲਿਟਰ ਡੈਸਿਸ 2.8 ਈ ਸੀ (ਡੈਲਟਾਮੈਥਰਿਨ) ਜਾਂ 200 ਮਿਲੀਲਿਟਰ ਸਾਈਪਰਮੈਥਕਿਨ 10 ਈ ਸੀ ਜਾਂ 100 ਮਿਲੀਲਿਟਰ ਫੈਰਵਲਰੇਟ 20 ਈ ਸੀ ਜਾਂ 300 ਮਿਲੀਲਿਟਰ ਬੁਲਡੈਕ 0.25 ਐਸ ਸੀ (ਬੀਟਾ ਸਾਈਫਲੂਥਰਿਨ) ਦਾ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।



# ਅਗੇਤਾ ਝੋਨਾ ਲਾਉਣ ਨਾਲ ਪਾਣੀ ਦੇ ਹੋਰ ਹੇਠਾਂ ਜਾਣ ਦਾ ਡਰ

ਕਮਲਜੀਤ ਸਿੰਘ ਬਨਵੈਤ
ਮੋ. 98147-34035

ਪੰਜਾਬ ਵਿਚ ਬਿਜਲੀ ਸੰਕਟ ਦੇ ਮੱਦੇ ਨਜ਼ਰ ਅਤੇ ਧਰਤੀ ਹੇਠਲੇ ਪਾਣੀ ਨੂੰ ਹੋਰ ਡੂੰਘੇ ਜਾਣ ਤੋਂ ਬਚਾਉਣ ਲਈ ਸੂਬੇ ਦੀ ਤਤਕਾਲੀ ਸਰਕਾਰ ਨੇ ਝੋਨਾ ਲਾਉਣ ਦੀ ਤਰੀਕ ਪਿਛਾਂਹ ਕਰ ਦਿੱਤੀ ਸੀ। ਕਿਸਾਨਾਂ ਨੂੰ 15 ਜੂਨ ਤੋਂ ਪਹਿਲਾਂ ਝੋਨਾ ਲਾਉਣ ਤੋਂ ਵਰਜ ਦਿੱਤਾ ਗਿਆ ਸੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਿਛਲੇ ਤਿੰਨ ਸਾਲਾਂ ਤੋਂ ਝੋਨਾ ਲਾਉਣ ਦੀਆਂ ਜ਼ਿਲ੍ਹਾਵਾਰ ਤਰੀਕਾਂ ਮਿੱਥਦੇ ਆ ਰਹੇ ਹਨ। ਇਸ ਵਾਰ ਮੁੱਖ ਮੰਤਰੀ ਨੇ ਝੋਨਾ ਲਾਉਣੀ ਦੀ ਤਰੀਕ ਅਗਾਊਂ ਇਕ ਜੂਨ ਮੁਕੱਰਰ ਕਰ ਦਿੱਤੀ ਹੈ। ਮੁੱਖ ਮੰਤਰੀ ਮਾਨ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਬਿਜਲੀ ਸੰਕਟ ਨਾ ਆਣ ਦੇਣ ਦਾ ਗੁਣਗਾਣ ਕਰਦੇ ਆ ਰਹੇ ਹਨ। ਉਸ ਤੋਂ ਪਹਿਲਾਂ ਪੰਜਾਬ ਦੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸੂਬੇ ਵਿਚ ਬਿਜਲੀ ਸਰਪਲੱਸ ਹੋਣ ਦਾ ਢੰਡੋਰਾ ਪਿੱਟਦੇ ਰਹੇ ਹਨ। ਸੱਚਾਈ ਦੋਹਾਂ ਦਾਅਵਿਆਂ ਵਿਚ ਨਹੀਂ ਹੈ। ਮੌਜੂਦਾ ਸੂਬਾ ਸਰਕਾਰ 2008 ਦੌਰਾਨ ਇਕ ਆਰਡੀਨੈਂਸ ਜਾਰੀ ਕਰਕੇ ਝੋਨੇ ਦੀ ਲਵਾਈ 10 ਜੂਨ ਤੋਂ ਪਹਿਲਾਂ ਸ਼ੁਰੂ ਕਰਨ ਤੋਂ ਵਰਜ ਦਿੱਤਾ ਸੀ। ਇਸ ਤੋਂ ਬਾਅਦ 2015 ਵਿਚ ਝੋਨੇ ਦੀ ਲਵਾਈ ਦੀ ਤਰੀਕ 5 ਦਿਨ ਹੋਰ ਵਧਾ ਕੇ 15 ਜੂਨ ਮੁਕੱਰਰ ਕਰ ਦਿੱਤੀ ਗਈ ਸੀ। ਇੱਥੇ ਹੀ ਬਸ ਨਹੀਂ ਸਾਲ 2008 ਦੌਰਾਨ ਸਰਕਾਰ ਨੇ ਆਪਣਾ ਪਹਿਲਾ ਫੈਸਲਾ ਬਦਲ ਕੇ ਝੋਨੇ ਦੀ ਲਵਾਈ 20 ਜੂਨ ਤੋਂ ਸ਼ੁਰੂ ਕਰਨ ਲਈ ਕਹਿ ਦਿੱਤਾ ਸੀ। ਸਾਲ 2019 ਨੂੰ ਇਹ ਤਰੀਕ 13 ਜੂਨ ਮੁਕੱਰਰ ਕਰ ਦਿੱਤੀ ਗਈ।

ਖੇਤੀ ਮਾਹਿਰ ਕਹਿੰਦੇ ਹਨ ਕਿ ਕਈ ਦਹਾਕੇ ਪਹਿਲਾਂ ਤੱਕ ਝੋਨੇ ਦੀ ਲਵਾਈ ਜੂਨ ਦੇ ਆਖਰੀ ਦਿਨ ਸ਼ੁਰੂ ਕਰਦੇ ਸਨ। ਦਹਾਕਾ ਡੇਢ ਦਹਾਕਾ ਪਹਿਲਾਂ ਕਿਸਾਨਾਂ ਨੇ ਲੇਬਰ ਅਤੇ ਬਿਜਲੀ ਦੀ ਸਪਲਾਈ ਨੂੰ ਆਪਣੀ ਪੱਧਰ 'ਤੇ ਹੱਲ ਕਰਨ ਲਈ ਝੋਨੇ ਦੀ ਲਵਾਈ 20 ਮਈ ਤੋਂ ਸ਼ੁਰੂ ਕਰ ਦਿੱਤੀ ਸੀ, ਜਿਸ ਦਾ ਧਰਤੀ ਉੱਤੇ ਬੁਰਾ ਅਸਰ ਪਿਆ ਅਤੇ ਪਾਣੀ ਦਾ ਪੱਧਰ ਹੋਰ ਹੇਠਾਂ ਡਿੱਗ ਗਿਆ ਸੀ।

ਖੇਤੀ ਮਾਹਿਰਾਂ ਵੱਲੋਂ ਤਿਆਰ ਕੀਤੀ ਇਕ ਰਿਪੋਰਟ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਪੱਛੜ ਕੇ ਝੋਨੇ ਦੀ ਲਵਾਈ ਕਰਨ ਨਾਲ ਧਰਤੀ ਹੇਠਲੇ ਪਾਣੀ ਨੂੰ ਤੇਜ਼ੀ ਨਾਲ ਡਿੱਗਣ ਤੋਂ ਰੋਕਿਆ ਜਾ ਸਕਦਾ ਹੈ। ਜਦੋਂ ਝੋਨੇ ਦੀ ਲਵਾਈ 10 ਜੂਨ ਕੀਤੀ ਗਈ ਸੀ (1998 ਤੋਂ 2006 ਤੱਕ) ਤਾਂ ਧਰਤੀ ਹੇਠਲਾ ਪਾਣੀ 54 ਸੈਂਟੀਮੀਟਰ ਤੱਕ ਪ੍ਰਤੀ ਸਾਲ ਹੇਠਾਂ ਜਾ ਰਿਹਾ ਸੀ। ਉਸ ਤੋਂ ਬਾਅਦ 2005 ਤੋਂ 2015 ਤੱਕ 27 ਸੈਂਟੀਮੀਟਰ ਪਾਣੀ ਪ੍ਰਤੀ ਸਾਲ ਹੇਠਾਂ ਗਿਆ। ਇਹਨਾਂ ਸਾਲਾਂ ਦੌਰਾਨ ਰੋਪੜ, ਮੋਗਾ, ਅੰਮ੍ਰਿਤਸਰ, ਜਲੰਧਰ, ਤਰਨ ਤਾਰਨ, ਫਾਜ਼ਿਲਕਾ, ਮੁਹਾਲੀ ਅਤੇ ਕਪੂਰਥਲਾ ਸਭ ਤੋਂ ਵੱਧ ਪ੍ਰਭਾਵਿਤ ਹੋਏ ਸਨ। ਮੌਨਸੂਨ ਦੌਰਾਨ ਹੋਣ ਵਾਲੀ ਬਾਰਿਸ਼ ਉੱਤੇ ਹੀ ਪਾਣੀ ਦਾ ਪੱਧਰ ਨਿਰਭਰ ਕਰਦਾ ਹੈ।

ਹਰੀ ਕ੍ਰਾਂਤੀ ਆਉਣ ਤੋਂ ਬਾਅਦ ਪੰਜਾਬ ਝੋਨੇ ਅਤੇ ਕਣਕ ਦੇ ਉਤਪਾਦਨ ਵਿਚ ਵੱਡਾ ਹਿੱਸਾ ਪਾ ਰਿਹਾ ਹੈ। ਦੋ ਸਾਲ ਪਹਿਲਾਂ ਤੱਕ ਪੰਜਾਬ ਕੇਂਦਰੀ ਪੂਲ ਵਿਚ 55 ਫੀਸਦੀ ਅਤੇ 42 ਫੀਸਦੀ ਝੋਨਾ ਉਤਪਾਦਨ ਦਾ ਹਿੱਸਾ ਪਾਉਂਦਾ ਰਿਹਾ ਹੈ। ਇਹਨਾਂ ਸਾਲਾਂ ਦੌਰਾਨ ਪੰਜਾਬ ਅੰਦਰ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਥੱਲੇ ਡਿੱਗਿਆ। ਪੰਜਾਬ ਵਿਚ ਇਸ ਵੇਲੇ 72 ਫੀਸਦੀ ਫਸਲ ਨੂੰ ਪਾਣੀ ਟਿਊਬਵੈੱਲਾਂ ਰਾਹੀਂ ਦਿੱਤਾ ਜਾ ਰਿਹਾ ਹੈ। ਖੇਤੀ ਸੈਕਟਰ ਨੂੰ ਬਿਜਲੀ ਮੁਫਤ ਦੇ ਹੋਣ ਤੋਂ ਪਹਿਲਾਂ ਟਿਊਬਵੈੱਲ ਰਾਹੀਂ 22 ਫੀਸਦੀ ਅਤੇ ਨਹਿਰੀ ਪਾਣੀ ਨਾਲ 54 ਫੀਸਦੀ ਪਾਣੀ ਦਿੱਤਾ ਜਾਂਦਾ ਰਿਹਾ ਹੈ।

2015-16 ਦੌਰਾਨ 51.85 ਲੱਖ ਮੀਟਰਿਕ ਟਨ ਝੋਨਾ ਪੈਦਾ ਕੀਤਾ ਗਿਆ ਸੀ। ਉਸ ਤੋਂ ਅਗਲੇ ਸਾਲ ਝੋਨੇ ਦਾ ਉਤਪਾਦਨ 109.91 ਲੱਖ ਮੀਟਰਿਕ ਟਨ ਨੂੰ ਪੁੱਜ ਗਿਆ ਸੀ। 2017-18 ਦੌਰਾਨ 117.35 ਲੱਖ ਮੀਟਰਿਕ ਟਨ ਝੋਨਾ ਪੈਦਾ ਹੋਇਆ। ਉਸ ਤੋਂ ਅਗਲੇ ਸਾਲ ਝੋਨੇ ਦਾ ਉਤਪਾਦਨ ਘੱਟ ਕੇ 113.7 ਲੱਖ ਮੀਟਰਿਕ ਟਨ ਰਹਿ ਗਿਆ। 2019-2020 ਦੌਰਾਨ ਉਤਪਾਦਨ 108.50 ਲੱਖ ਮੀਟਰਿਕ ਟਨ 'ਤੇ ਆ ਗਿਆ। ਉਸ ਤੋਂ ਅਗਲੇ ਸਾਲ ਝੋਨੇ ਦੇ ਉਤਪਾਦਨ ਨੇ ਸਾਰੇ ਰਿਕਾਰਡ ਤੋੜ ਦਿੱਤੇ ਅਤੇ ਇਹ ਵੱਧ ਕੇ 136 ਲੱਖ ਮੀਟਰਿਕ ਟਨ ਨੂੰ ਪੁੱਜ ਗਿਆ। ਸਾਲ 2022 ਦੌਰਾਨ ਝੋਨੇ ਦਾ ਉਤਪਾਦਨ 126 ਲੱਖ ਮੀਟਰਿਕ ਟਨ ਰਿਹਾ। ਇਹ ਅੰਕੜੇ ਉਹ ਹਨ ਜਿਹੜਾ ਝੋਨਾ ਮੰਡੀ ਵਿਚ ਵਿਕਿਆ ਹੈ, ਜਦੋਂ ਕਿ ਪਿਛਲੇ ਸਾਲਾਂ ਦੌਰਾਨ ਝੋਨੇ ਦਾ ਉਤਪਾਦਨ 172 ਤੋਂ 182 ਲੱਖ ਮੀਟਰਿਕ ਟਨ ਦੇ ਵਿਚਕਾਰ ਰਹਿੰਦਾ ਰਿਹਾ ਹੈ। ਪਿਛਲੇ ਸਾਲ ਝੋਨੇ ਦੀ ਲੁਆਈ 31.79 ਲੱਖ ਹੈਕਟੇਅਰ ਵਿਚ ਕੀਤੀ ਗਈ ਸੀ ਜਦ ਕਿ ਅਗਲੇ ਸਾਲ ਇਹ ਰਕਬਾ 32.44 ਲੱਖ ਹੈਕਟੇਅਰ ਹੋਣ ਦਾ ਅੰਦਾਜ਼ਾ ਹੈ। ਇਹਨਾਂ ਅੰਕੜਿਆਂ ਮੋਹਰੇ ਬਦਲਵੀਂ ਖੇਤੀ ਦੇ ਦਾਅਵੇ ਕਿਤੇ ਖੜ੍ਹਦੇ ਨਜ਼ਰ ਨਹੀਂ ਆ ਰਹੇ ਹਨ।

### ਖੇਤੀ ਮਾਹਿਰ ਦੀ ਰਾਇ

ਮੁੱਖ ਮੰਤਰੀ ਮਾਨ ਵੱਲੋਂ ਇਸ ਵਾਰ ਕਿਸਾਨਾਂ ਨੂੰ ਝੋਨੇ ਦੀ ਲਵਾਈ 1 ਜੂਨ ਤੋਂ ਸ਼ੁਰੂ ਕਰਨ ਲਈ ਕਿਹਾ ਗਿਆ ਹੈ। ਜਦੋਂ ਕਿ ਪਿਛਲੀ ਵਾਰ ਤਰੀਕ 11 ਜੂਨ ਮਿੱਥੀ ਗਈ ਸੀ। ਖੇਤੀ ਅਤੇ ਪਾਣੀ ਮਾਹਿਰ ਪੰਜਾਬ ਦੀਆਂ ਸਰਕਾਰਾਂ ਦੀ ਇਸ ਦਲੀਲ ਨਾਲ ਕਦੇ ਵੀ ਰਜ਼ਾਮੰਦ ਨਹੀਂ ਹੋਏ ਕਿ ਝੋਨੇ ਦੀ ਲਵਾਈ ਪੱਛੜ ਕੇ ਕਰਨ ਨਾਲ ਪਾਣੀ ਦੀ ਬੱਚਤ ਹੁੰਦੀ ਹੈ।

# ਪੰਜਾਬ ਦੀ ਖੇਤੀ 'ਚ ਬਦਲਾਅ ਦੀ ਲੋੜ

ਡਾ. ਰਣਜੀਤ ਸਿੰਘ
ਮੋ. 94170-87328

ਪੰਜਾਬੀਆਂ ਨੂੰ ਵਿਸ਼ਵ ਦੇ ਵਧੀਆ ਕਿਸਾਨ ਤੇ ਜਵਾਨ ਮੰਨਿਆ ਜਾਂਦਾ ਹੈ। ਪੰਜਾਬ 'ਚ ਕਿਸਾਨਾਂ ਦਾ ਧਰਤੀ ਨਾਲ ਮੋਹ ਵਿਲੱਖਣ ਹੀ ਹੈ। ਕਿਸੇ ਦੇ ਰੁਤਬੇ ਦੀ ਪਰਖ ਮਾਲਕੀ ਜ਼ਮੀਨ ਤੋਂ ਕੀਤੀ ਜਾਂਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ 'ਚੋਂ ਜਗੀਰਦਾਰ ਖਤਮ ਕਰਕੇ ਹਲ ਵਾਹਕਾਂ ਨੂੰ ਧਰਤੀ ਦੇ ਮਾਲਕ ਬਣਾ ਕੇ ਸਰਦਾਰੀਆਂ ਦੀ ਬਖਸ਼ਿਸ਼ ਕੀਤੀ। ਪੰਜਾਬੀ ਕਿਸਾਨ ਦਾ ਧਰਤੀ ਨਾਲ ਇੰਨਾ ਮੋਹ ਹੈ ਕਿ ਦੇਸ਼ 'ਚ ਹੀ ਨਹੀਂ, ਸਗੋਂ ਵਿਦੇਸ਼ਾਂ 'ਚ ਵੀ ਜਦੋਂ ਮੌਕਾ ਮਿਲਿਆ ਉਨ੍ਹਾਂ ਧਰਤੀ ਖਰੀਦੀ ਤੇ ਸਫਲ ਕਾਸ਼ਤਕਾਰ ਬਣੇ। ਹਰੇ ਇਨਕਲਾਬ ਨੂੰ ਵੀ ਪੰਜਾਬ ਦੀ ਧਰਤੀ 'ਤੇ ਪੰਜਾਬੀਆਂ ਨੇ ਹੀ ਸਿਰਜਿਆ ਤੇ ਸਾਰੇ ਵਿਸ਼ਵ ਨੂੰ ਹੈਰਾਨ ਕੀਤਾ, ਪਰ ਪਿਛਲੀ ਅੱਧੀ ਸਦੀ ਦੌਰਾਨ ਪਰਿਵਾਰਕ ਵੰਡੀਆਂ ਕਾਰਨ ਜੋਤਾਂ ਦੇ ਆਕਾਰ ਸੁੰਗੜ ਗਏ ਹਨ। ਅਜ਼ਾਦੀ ਵੇਲੇ ਜਿਹੜੇ ਮੁਰੱਬਿਆਂ ਦੇ ਮਾਲਕ ਸਨ, ਉਨ੍ਹਾਂ ਦੇ ਪਰਿਵਾਰ ਹੁਣ ਸੀਮਾਂਤੀ ਕਿਸਾਨ ਬਣ ਚੁੱਕੇ ਹਨ। ਇਸ ਦੇ ਨਾਲ ਹੀ ਪਿਛਲੀ ਅੱਧੀ ਸਦੀ ਤੋਂ ਪੰਜਾਬ 'ਚ ਕਣਕ-ਝੋਨਾ ਇਕ ਹੀ ਫਸਲ ਚੱਕਰ ਭਾਰੂ ਹੈ। ਪੰਜਾਬ ਦੀ ਹਰੇਕ ਸਰਕਾਰ ਨੇ ਮਾਹਿਰਾਂ ਪਾਸੋਂ ਖੇਤੀ ਨੀਤੀ ਜ਼ਰੂਰ ਬਣਾਈ, ਪਰ ਉਸ 'ਤੇ ਅਮਲ ਨਹੀਂ ਹੋ ਸਕਿਆ। ਇਸ ਕਰਕੇ ਪੰਜਾਬ ਦਾ ਵਿਕਾਸ ਰੁਕ ਗਿਆ। ਪੰਜਾਬੀ ਸੂਬਾ ਬਨਣ ਤੱਕ ਪੰਜਾਬ ਦੇਸ਼ 'ਚ ਪਹਿਲੇ ਸਥਾਨ 'ਤੇ ਸੀ, ਪਰ ਮੁੜ ਹੇਠਾਂ ਵੱਲ ਰਿੜ੍ਹਨਾ ਸ਼ੁਰੂ ਹੋ ਗਿਆ। ਪੰਜਾਬ ਦੀ ਵਿਕਾਸ ਦਰ 'ਚ ਵਾਧਾ ਹੋਣ ਦੀ ਥਾਂ ਘਾਟਾ ਹੋਇਆ। ਪੰਜਾਬ ਨੂੰ ਮੁੜ ਵਿਕਾਸ ਦੀਆਂ ਲੀਹਾਂ 'ਤੇ ਪਾਉਣ ਲਈ ਯਤਨਾਂ ਦੀ ਲੋੜ ਹੈ। ਪੰਜਾਬ ਸੰਸਾਰ ਦਾ ਅਜਿਹਾ ਖਿੱਤਾ ਹੈ ਜਿੱਥੇ ਸਾਰੇ 6 ਮੌਸਮ ਆਉਂਦੇ ਹਨ, ਸਾਰੀ ਧਰਤੀ ਸੇਂਜੂ ਤੇ ਵਾਹੀਯੋਗ ਹੈ। ਇਸ ਕਰਕੇ ਇੱਥੇ ਸਬਜ਼ੀਆਂ ਦੀ ਕਾਸ਼ਤ ਤੇ ਪਸ਼ੂ ਪਾਲਣ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਇਸ ਨਾਲ ਕਿਸਾਨ ਦੇ ਰੁਜ਼ੇਵਿਆਂ 'ਚ ਵਾਧਾ ਹੋਵੇਗਾ। ਇਸ 'ਚ ਕੋਈ ਸ਼ੱਕ ਨਹੀਂ ਕਿ ਪੰਜਾਬੀਆਂ ਨੇ ਦੇਸ਼ 'ਚੋਂ ਭੁੱਖਮਰੀ ਨੂੰ ਦੂਰ ਕੀਤਾ ਕਿਉਂਕਿ ਭੋਜਨ ਮਨੁੱਖ ਦੀ ਮੁੱਢਲੀ ਲੋੜ ਹੈ। ਰੱਜਵੀਂ ਰੋਟੀ ਖਾਣ ਪਿੱਛੋਂ ਹੀ ਮਨੁੱਖ ਆਪਣੀ ਪੂਰੀ ਸ਼ਕਤੀ ਨਾਲ ਕੰਮ-ਕਾਜ ਕਰ ਸਕਦਾ ਹੈ। ਦੇਸ਼ 'ਚ ਵਿਕਾਸ ਦੇ ਦੂਜੇ ਕਾਰਜ ਵੀ ਉਦੋਂ ਹੀ ਸੰਭਵ ਹੋ ਸਕਦੇ ਹਨ, ਜਦੋਂ ਅਨਾਜ 'ਚ ਆਤਮ ਨਿਰਭਰਤਾ ਹੋਵੇ। ਹਰੀ ਕ੍ਰਾਂਤੀ ਨਾਲ ਅਨਾਜ 'ਚ ਆਤਮ ਨਿਰਭਰਤਾ ਕਰਕੇ ਹੀ ਦੇਸ਼ ਦੀ ਏਕਤਾ ਅਤੇ ਅਖੰਡਤਾ ਬਣੀ ਹੋਈ ਹੈ। ਭੁੱਖਮਰੀ ਦੇ ਆਲਮ 'ਚ ਖਾਨਾਜੰਗੀ ਦਾ ਮਾਹੌਲ ਸਿਰਜਿਆ ਜਾਂਦਾ ਹੈ।

ਪੰਜਾਬ 'ਚ ਆਈ ਖੜੋਤ ਨੂੰ ਤੋੜਨਾ ਬਹੁਤ ਜ਼ਰੂਰੀ ਹੈ। ਇਸ ਲਈ ਪਹਿਲਾਂ ਵਾਂਗ ਹੀ ਖੇਤੀ ਖੋਜ, ਪੰਜਾਬ ਸਰਕਾਰ ਅਤੇ ਕਿਸਾਨਾਂ ਦੇ ਆਪੋ ਵਿਚਲੇ ਤਾਲਮੇਲ ਦੀ ਲੋੜ ਹੈ। ਪੰਜਾਬ 'ਚ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ। ਹੁਣ ਉਹ ਠੇਕੇ ਉੱਤੇ ਜ਼ਮੀਨ ਲੈ ਕੇ ਖੇਤੀ ਕਰਦੇ ਹਨ। ਜੇਕਰ ਉਹ ਬਹੁਭਾਂਤੀ ਖੇਤੀ ਅਪਨਾਉਣਗੇ ਤਾਂ ਉਨ੍ਹਾਂ ਨੂੰ ਮਹਿੰਗੇ ਭਾਅ ਠੇਕੇ 'ਤੇ ਜ਼ਮੀਨ ਲੈ ਕੇ ਕਣਕ-ਝੋਨੇ ਦੀ ਕਾਸ਼ਤ ਤੋਂ ਛੁਟਕਾਰਾ ਹੋ ਜਾਵੇਗਾ। ਉਹ ਆਪਣੀ ਧਰਤੀ 'ਤੇ ਸਬਜ਼ੀਆਂ ਦੀ ਕਾਸ਼ਤ ਸ਼ੁਰੂ ਕਰਕੇ ਅਤੇ ਦੁਧਾਰੂ ਪਸ਼ੂ ਪਾਲ ਕੇ ਵਧੇਰੇ ਪੈਸੇ ਕਮਾ ਸਕਦੇ ਹਨ। ਕੁਝ ਰਕਬਾ ਚਾਰੇ ਹੇਠ ਚਲਾ ਜਾਵੇਗਾ। ਇੰਝ ਕਣਕ-ਝੋਨੇ ਦੇ ਫਸਲੀ ਚੱਕਰ 'ਚੋਂ ਵੀ ਕੁਝ ਧਰਤੀ ਨੂੰ ਕੱਢਿਆ ਜਾ ਸਕਦਾ ਹੈ। ਪੰਜਾਬ 'ਚ ਸਾਰੇ ਮੌਸਮ ਆਉਣ ਅਤੇ ਸਾਰੀ ਧਰਤੀ ਸੇਂਜੂ ਹੋਣ ਕਰਕੇ ਇਸ ਪਾਸੇ ਮੁੜਿਆ ਜਾ ਸਕਦਾ ਹੈ। ਅਜਿਹਾ ਕੀਤਿਆਂ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਰੁਜ਼ਗਾਰ ਮਿਲ ਜਾਵੇਗਾ ਤੇ ਵਿਹਲ ਦੀ ਬਿਮਾਰੀ ਤੋਂ ਵੀ ਛੁਟਕਾਰਾ ਹੋ ਜਾਵੇਗਾ, ਪਰ ਇਸ ਲਈ ਮੰਡੀ ਨੂੰ ਢੁਕਵੀਆਂ ਵੱਧ ਝਾੜ ਦੇਣ ਵਾਲੀਆਂ ਤੇ ਬਿਮਾਰੀਆਂ ਤੇ ਕੀੜਿਆਂ ਦਾ ਮੁਕਾਬਲਾ ਕਰਨ ਵਾਲੀਆਂ ਕਿਸਮਾਂ ਵਿਕਸਤ ਕਰਨ ਦੀ ਲੋੜ ਹੈ।

ਸਬਜ਼ੀਆਂ ਦੀ ਕਾਸ਼ਤ ਵੱਲ ਮੂੰਹ ਨਾ ਮੋੜਨ ਦਾ ਵੱਡਾ ਕਾਰਨ ਵਿਕਰੀ ਦੀ ਸਮੱਸਿਆ ਹੈ। ਜੇਕਰ ਇਕ ਪਿੰਡ ਦੇ 15-20 ਕਿਸਾਨ ਆਪਣਾ ਗਰੁੱਪ ਬਣਾ ਕੇ ਇੱਕੋ ਸਬਜ਼ੀ ਦੀ ਖੇਤੀ ਕਰਨਗੇ ਤਾਂ ਸਾਂਝੇ ਤੌਰ 'ਤੇ ਉਪਜ ਦੀ ਵਿਕਰੀ ਸੌਖੀ ਹੋ ਜਾਵੇਗੀ। ਉਹ ਸਾਂਝੇ ਤੌਰ 'ਤੇ ਹੀ ਬੀਜ, ਰਸਾਇਣ ਤੇ ਤਕਨੀਕੀ ਸਹਾਇਤਾ ਪ੍ਰਾਪਤ ਕਰ ਸਕਣਗੇ। ਇੰਝ ਉਨ੍ਹਾਂ ਨੂੰ ਸ਼ੁੱਧ 'ਤੇ ਵਾਜਬ ਕੀਮਤ 'ਤੇ ਖੇਤੀ ਲੋੜਾਂ ਪ੍ਰਾਪਤ ਹੋ ਜਾਣਗੀਆਂ। ਵਿਕਰੀ ਕਰਨ ਦੀ ਜ਼ਿੰਮੇਵਾਰੀ ਨਾਲ ਰੁਜ਼ਗਾਰ 'ਚ ਵਾਧਾ ਹੋਵੇਗਾ। ਹੁਣ ਲਗਭਗ ਸਾਰੇ ਪਿੰਡਾਂ 'ਚ ਹੀ ਬਹੁ-ਭਾਂਤੀ ਸਹਿਕਾਰੀ ਸੁਸਾਇਟੀਆਂ ਹਨ। ਇਨ੍ਹਾਂ ਨੂੰ ਮਜ਼ਬੂਤ ਕਰਕੇ ਖੇਤੀ ਸੰਦ ਰੱਖੇ ਜਾਣ। ਇੰਝ ਛੋਟੇ ਕਿਸਾਨਾਂ ਨੂੰ ਮਹਿੰਗੇ ਭਾਅ ਦੀਆਂ ਮਸ਼ੀਨਾਂ ਖਰੀਦਣ ਲਈ ਮਜਬੂਰ ਨਹੀਂ ਹੋਣਾ ਪਵੇਗਾ। ਕੁਝ ਸੰਸਥਾਵਾਂ ਵਧੀਆ ਕੰਮ ਕਰ ਰਹੀਆਂ ਹਨ। ਮੈਂ ਕਈ ਥਾਈਂ ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਹੁੰਦੀ ਵੇਖੀ ਹੈ। ਇੰਝ ਨਾੜ ਦੀ ਸਾਂਭ ਸੰਭਾਲ ਵੀ ਹੋ ਸਕੇਗੀ। ਇਸ ਸਮੇਂ ਪੰਜਾਬ 'ਚ ਧਰਤੀ ਹੇਠਲੇ ਪਾਣੀ ਦੀ ਘਾਟ ਅਤੇ ਉਸ ਦਾ ਗੰਧਲਾ ਹੋਣ ਵੱਡੀ ਸਮੱਸਿਆ ਹੈ। ਜੇਕਰ ਮੀਂਹ ਦੇ ਪਾਣੀ ਨੂੰ ਵੱਧ ਤੋਂ ਵੱਧ ਧਰਤੀ ਹੇਠ ਭੇਜਿਆ ਜਾਵੇ ਤੇ ਵੱਧ ਤੋਂ ਵੱਧ ਖੇਤਾਂ ਨੂੰ ਨਹਿਰੀ ਪਾਣੀ ਦਿੱਤਾ ਜਾਵੇ ਤਾਂ ਇਸ ਸਮੱਸਿਆ ਨੂੰ ਘੱਟ ਕੀਤਾ ਜਾ ਸਕਦਾ ਹੈ। ਨਿਰ੍ਹਾ ਕਿਸਾਨਾਂ ਨੂੰ ਹੀ ਨਹੀਂ, ਸਗੋਂ ਸਾਰੇ ਸ਼ਹਿਰੀਆਂ ਨੂੰ ਪਾਣੀ ਦੀ ਸੰਜਮੀ ਵਰਤੋਂ ਕਰਨੀ ਚਾਹੀਦੀ ਹੈ। ਸੀਵਰੇਜ ਦਾ ਪਾਣੀ ਧਰਤੀ ਹੇਠ ਭੇਜਣ ਜਾਂ ਦਰਿਆਵਾਂ 'ਚ ਪਾਉਣ ਦੀ ਥਾਂ ਸਾਫ ਕਰਕੇ ਸਿੰਜਾਈ ਲਈ ਵਰਤਣਾ ਚਾਹੀਦਾ ਹੈ। ਇੰਝ ਧਰਤੀ ਹੇਠਲਾ ਪਾਣੀ ਗੰਦਾ ਨਹੀਂ ਹੋਵੇਗਾ। ਜਦੋਂ ਪ੍ਰਤਾਪ ਸਿੰਘ ਕੈਰੋਂ ਪੰਜਾਬ ਦੇ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਗੁਰਦਾਸਪੁਰ ਤੋਂ ਲੈ ਕੇ ਫਰੀਦਾਬਾਦ ਤੱਕ ਸੜਕ ਕਿਨਾਰੇ ਕਾਰਖਾਨੇ ਲਗਵਾਏ ਸਨ ਜਿੱਥੇ ਲਾਗਲੇ ਪਿੰਡਾਂ ਦੇ ਲੋਕਾਂ ਨੂੰ ਰੁਜ਼ਗਾਰ ਮਿਲ ਜਾਂਦਾ ਸੀ। ਹੁਣ ਪਿੰਡ ਉਜਾੜ ਕੇ ਸਨਅਤਾਂ ਲਗਾਈਆਂ ਜਾ ਰਹੀਆਂ ਹਨ। ਇਕੱਲਾ ਲੁਧਿਆਣਾ ਹੀ ਸੌ ਤੋਂ ਵੱਧ ਪਿੰਡਾਂ ਨੂੰ ਖਾ ਗਿਆ ਹੈ। ਇੱਥੋਂ ਦੇ ਵਾਸੀ ਜ਼ਮੀਨ ਵੇਚ ਦੂਰ-ਦੁਰਾਡੇ ਜਾਂ ਕਿਸੇ ਹੋਰ ਸੂਬੇ 'ਚ ਵਸੇਬਾ ਕਰ ਰਹੇ ਹਨ। ਪੰਜਾਬ 'ਚ ਫੋਕਲ ਪੁਆਇੰਟਾਂ ਨੂੰ ਮੁੜ ਸੁਰਜੀਤ ਕੀਤਾ ਜਾਵੇ। ਇੱਥੇ ਖੇਤੀ ਉਪਜ ਆਧਾਰਿਤ ਕਾਰਖਾਨੇ ਲਗਾਏ ਜਾਣ ਤੇ ਵਿਕਰੀ ਕੇਂਦਰ ਬਣਾਏ ਜਾਣ। ਇੰਝ ਲਾਗਲੇ ਪਿੰਡਾਂ ਦੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ ਤੇ ਪਿੰਡਾਂ ਦਾ ਉਜਾੜਾ ਰੁਕੇਗਾ। ਛੋਟੇ ਕਿਸਾਨ ਲਈ ਇਹ ਜ਼ਰੂਰੀ ਹੈ।

ਕਦੇ ਸਰਕਾਰ ਨੇ ਬਹੁਤ ਸਾਰੇ ਹੁਨਰੀ ਵਿਕਾਸ ਕੇਂਦਰ ਬਣਾਏ ਸਨ। ਇਨ੍ਹਾਂ ਨੂੰ ਸਮੇਂ ਦਾ ਹਾਣੀ ਬਣਾਇਆ ਜਾਵੇ। ਕਈ ਥਾਵਾਂ 'ਤੇ ਇਮਾਰਤਾਂ ਬਣੀਆਂ ਪਰ ਕੇਂਦਰ ਚਾਲੂ ਨਾਲ ਹੋਏ, ਉਨ੍ਹਾਂ ਨੂੰ ਚਾਲੂ ਕੀਤਾ ਜਾਵੇ। ਪੰਜਾਬ ਨੂੰ ਹੁਨਰੀ ਕਾਮਿਆਂ ਦੀ ਲੋੜ ਹੈ। ਹੁਣ ਬਹੁਤਾ ਹੁਨਰੀ ਕੰਮ ਦੂਜੇ ਸੂਬਿਆਂ ਤੋਂ ਆਏ ਕਾਰੀਗਰ ਕਰਦੇ ਹਨ। ਪਿੰਡਾਂ ਦੇ ਬੱਚੇ ਹੁਨਰੀ ਬਣ ਕੇ ਖੇਤੀ ਦੇ ਨਾਲ ਨਾਲ ਇਹ ਕੰਮ ਵੀ ਕਰਨਗੇ ਤਾਂ ਆਮਦਨ 'ਚ ਵਾਧਾ ਹੋਵੇਗਾ। ਪਿੰਡਾਂ ਦੇ ਸਰਕਾਰੀ ਸਕੂਲਾਂ ਨੂੰ ਸਮੇਂ ਦੇ ਹਾਣ ਦਾ ਬਣਾਇਆ ਜਾਵੇ। ਇਨ੍ਹਾਂ 'ਚ ਵੀ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਕਿਸੇ ਹੁਨਰ ਦੀ ਸਿਖਲਾਈ ਦਿੱਤੀ ਜਾਵੇ। ਛੋਟਾ ਕਿਸਾਨ ਖੇਤੀ ਦੇ ਨਾਲ ਆਮਦਨ ਦੇ ਹੋਰ ਵਸੀਲਿਆਂ ਰਾਹੀਂ ਆਮਦਨ ਪ੍ਰਾਪਤ ਕਰਕੇ ਹੀ ਰੱਜਵੀਂ ਰੋਟੀ ਖਾ ਸਕਦਾ ਹੈ। ਕੇਂਦਰ ਸਰਕਾਰ ਦਾ ਵੀ ਫਰਜ਼ ਬਣਦਾ ਹੈ ਕਿ ਉਹ ਪੰਜਾਬ ਦੇ ਕਿਸਾਨ ਦੀ ਬਾਂਹ ਫੜੇ। ਪੰਜਾਬ ਦਾ ਕਿਸਾਨ ਸਾਰੇ ਦੇਸ਼ ਦਾ ਸਹਾਰਾ ਬਣਿਆ ਹੋਇਆ ਹੈ, ਸਰਕਾਰ ਨੂੰ ਉਸ ਦਾ ਸਹਾਰਾ ਬਣਿਆ ਹੋਇਆ ਹੈ, ਸਰਕਾਰ ਨੂੰ ਉਸ ਦਾ ਸਹਾਰਾ ਬਣਨਾ ਚਾਹੀਦਾ ਹੈ। ਕੇਂਦਰੀ ਬਜਟ 'ਚ ਪੰਜਾਬ ਲਈ ਲੋੜੀਂਦਾ ਵੱਖਰਾ ਪੈਕੇਜ ਰੱਖਿਆ ਜਾਵੇ ਤਾਂ ਜੋ ਕਿਸਾਨ ਦੀ ਆਰਥਿਕ ਸਥਿਤੀ 'ਚ ਸੁਧਾਰ ਹੋ ਸਕੇ।



# ਘਟ ਰਿਹਾ ਪਸ਼ੂ ਧਨ : ਠੋਸ ਉਪਰਾਲਿਆਂ ਦੀ ਲੋੜ

ਲਾਲ ਚੰਦ ਸਿਰਸੀਵਾਲਾ
ਮੋ. 98144-24896

21ਵੀਂ ਪਸ਼ੂ ਧਨ ਗਣਨਾ ਦੇ ਮੁਢੇਲੇ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ ਮੁਤਾਬਿਕ ਪੰਜਾਬ ਅੰਦਰ ਪਸ਼ੂਆਂ ਦੀ ਗਿਣਤੀ ਘਟ ਗਈ ਹੈ । 20ਵੀਂ ਪਸ਼ੂ ਧਨ ਗਣਨਾ ਅਨੁਸਾਰ ਪਸ਼ੂਆਂ ਦੀ ਗਿਣਤੀ 73.81 ਲੱਖ ਸੀ ਜੋ 21ਵੀਂ ਪਸ਼ੂ ਧਨ ਗਣਨਾ ਅਨੁਸਾਰ ਘਟ ਕੇ 68.03 ਲੱਖ ਰਹਿ ਗਈ ਹੈ ।

ਦੋਗਲਿਆਂ ਗਾਵਾਂ ਦੇ ਵੱਡੇ ਫਾਰਮ ਖੁੱਲੇ ਹਨ, ਜਿਸ ਕਰ ਕੇ ਇਨ੍ਹਾਂ ਦੀ ਗਿਣਤੀ ਨਾ-ਮਾਤਰ ਘਟੀ ਹੈ ਪਰ ਮੱਝਾਂ ਦੀ ਗਿਣਤੀ 2019 ਵਿੱਚ 40.15 ਲੱਖ ਸੀ ਜੋ 2024-25 ਵਿੱਚ ਘਟ ਕੇ 34.93 ਲੱਖ ਰਹਿ ਗਈ ਹੈ । ਦੁੱਧ ਮੱਖਣ ਦੇ ਸ਼ੁਕੀਨ ਪੰਜਾਬ ਵਿੱਚੋਂ ਮੱਝਾਂ ਦੀ ਗਿਣਤੀ ਹਰ ਸਾਲ ਇੱਕ ਲੱਖ ਘੱਟ ਹੋਣੀ ਚਿੰਤਾ ਦਾ ਵਿਸ਼ਾ ਹੈ । ਪੰਜਾਬ ਦੇ ਧਰਾਤਲ 'ਤੇ ਕੰਮ ਕਰਦਿਆਂ ਜੋ ਦੇਖਿਆ, ਉਸ ਮੁਤਾਬਿਕ ਦੋ-ਚਾਰ ਪਸ਼ੂ ਰੱਖਣ ਵਾਲੇ ਘਰਾਂ ਗਿਣਤੀ ਵੀ ਜ਼ਰੂਰ ਘਟੀ ਹੋਵੇਗੀ ।

ਪਸ਼ੂ ਪਾਲਣ ਪੰਜਾਬ ਦੇ ਲੋਕਾਂ ਦਾ ਸਹਾਇਕ ਧੰਦਾ ਹੈ । ਪੁਰਸ਼ਾਂ ਦੀ ਗੈਰ-ਮੌਜੂਦਗੀ ਵਿੱਚ ਘਰਾਂ ਦੀਆਂ ਸੁਆਣੀਆਂ ਵੀ ਦੋ-ਚਾਰ ਪਸ਼ੂ ਰੱਖ ਕੇ ਘਰ ਦਾ ਗੁਜ਼ਾਰਾ ਬੱਚਿਆਂ ਦੀਆਂ ਕਿਤਾਬਾਂ, ਫੀਸਾਂ ਵਰਗੀਆਂ ਲੋੜਾਂ ਪੂਰੀਆਂ ਕਰਦੀਆਂ ਹਨ । ਬੇਜ਼ਮੀਨੇ ਅਤੇ ਛੋਟੇ ਕਿਸਾਨ ਪਸ਼ੂ ਰੱਖ ਕੇ ਆਪਣੀਆਂ ਘਰੇਲੂ ਜਰੂਰਤਾਂ ਪੂਰੀਆਂ ਕਰਦੇ ਹਨ । ਬੇਰੁਜ਼ਗਾਰੀ ਅਤੇ ਖੇਤੀ ਸੰਕਟ ਦਾ ਸਾਹਮਣਾ ਕਰ ਰਹੇ ਪੰਜਾਬ ਵਾਸਤੇ ਪਸ਼ੂਆਂ ਦੀ ਗਿਣਤੀ ਘਟਣਾ ਫ਼ਿਕਰ ਵਾਲੀ ਗੱਲ ਹੈ ।

ਦੇਖਿਆ ਜਾਵੇ ਤਾਂ ਪਸ਼ੂਆਂ ਦੀ ਗਿਣਤੀ ਘਟਣ ਦੇ ਕਾਰਨਾਂ ਵਿੱਚ ਦੁੱਧ ਦੀਆਂ ਕੀਮਤਾਂ ਘੱਟ ਅਤੇ ਲਾਗਤਾਂ ਜ਼ਿਆਦਾ ਹੋਣੀਆਂ ਹਨ । ਪਸ਼ੂਅ ਖ਼ੁਰਾਕਾਂ, ਦਵਾਈਆਂ, ਸੀਮਨ ਦੀ ਕੁਆਲਈ ਤੇ ਰੇਟਾਂ ਉੱਤੇ ਸਰਕਾਰੀ ਕੰਟਰੋਲ ਨਾ ਹੋਣਾ, ਸਿੱਖਿਅਤ ਸਟਾਫ ਦੀ ਘਾਟ ਅਤੇ ਉਨ੍ਹਾਂ ਕੋਲੋਂ ਵਿਭਾਗ ਤੋਂ ਬਾਹਰੀ ਕੰਮ (ਜਿਵੇਂ ਚੋਣ ਡਿਊਟੀਆਂ, ਪਰਾਲੀ ਸਾੜਨ ਤੋਂ ਰੋਕਣਾਂ, ਵਿਜੀਲੈਂਸ ਡਿਊਟੀ, ਪਸ਼ੂ ਧਨ ਗਣਨਾਂ ਆਦਿ) ਲੈਣੇ, ਸਰਕਾਰੀ ਸੈਕਸਡ ਸੀਮਨ (ਲਿੰਗ ਨਿਰਧਾਰਤ ਵੀਰਜ)

ਮਹਿੰਗਾ ਅਤੇ ਲੋੜ ਅਨੁਸਾਰ ਨਾ ਮਿਲਣਾ, ਨਵੀ ਪੀੜ੍ਹੀ ਨੂੰ ਵੱਧ ਮੁਨਾਫੇ ਵਾਲੇ ਸੁਫਨਿਆਂ ਨੇ ਕਿਰਤ ਤੇ ਕਿਰਸ ਤੋਂ ਦੂਰ ਕਰਨਾ, ਚੌਵੀ ਘੰਟੇ ਦੀ ਦੇਖ-ਰੇਖ ਕਰ ਕੇ ਮਜ਼ਦੂਰ ਨਾ ਮਿਲਣੇ, ਛੂਤ ਦੀਆਂ ਬਿਮਾਰੀਆਂ ਦੇ ਹਮਲੇ, ਮਾਪਿਆਂ ਵੱਲੋਂ 'ਕੀ ਗੋਹੇ' ਵਿੱਚ ਹੱਥ ਮਾਰੇਂਗਾ, ਕੋਈ ਹੋਰ ਧੰਦਾ ਕਰ ਲੈ' ਵਰਗੀਆਂ ਸਲਾਹਾਂ ਆਦਿ ਵੱਡੇ ਕਾਰਨ ਹਨ ।



ਹੋਰ ਨਜ਼ਰ ਮਾਰੀਏ ਤਾਂ ਸੜਕ 'ਤੇ ਫਿਰਦੀਆਂ ਅਵਾਰਾ ਗਾਵਾਂ ਅਤੇ ਯੂਪੀ ਵਾਲਿਆਂ ਨੂੰ ਵੇਚੀਆਂ ਜਾਂਦੀਆਂ ਝੋਟੀਆਂ ਤੇ ਮੱਝਾਂ ਵੀ ਇਹ ਗਿਣਤੀ ਘਟਣ ਦੇ ਕਾਰਨਾਂ ਵਿੱਚ ਸ਼ਾਮਲ ਹਨ । ਅਵਾਰਾ ਅਤੇ ਵੇਚੇ ਜਾਣ ਵਾਲੇ 90% ਪਸ਼ੂ ਗਰਭ ਧਾਰਨ ਨਾ ਕਰ ਕੇ ਅਤੇ ਕੁਝ ਥਣਾਂ ਦੀਆ ਬਿਮਾਰੀਆਂ ਵਾਲੇ ਹੁੰਦੇ ਹਨ । ਮੁੱਢ ਤੋਂ ਪਾਲਣ ਪੋਸ਼ਣ ਦੀਆਂ ਅਗਿਆਨਤਾ, ਸੰਤੁਲਿਤ ਫੀਡ ਨਾ ਪਾਉਣਹ ਅਤੇ ਤੱਤਾਂ ਦੀ ਘਾਟ ਇਸ ਦੇ ਮੁੱਖ ਕਾਰਨ ਹਨ । ਜੇਕਰ ਇਨ੍ਹਾਂ ਕਾਰਨਾਂ ਨੂੰ ਦੂਰ ਕੀਤਾ ਜਾ ਸਕੇ ਤਾਂ ਪਸ਼ੂ ਧਨ ਵਧਣ ਵਿੱਚ ਮਦਦ ਮਿਲ ਸਕਦੀ ਹੈ ।



ਤਿੰਨ ਕੁ ਸਾਲ ਪਹਿਲਾ ਲੰਪੀ ਸਕਿਨ ਬਿਮਾਰੀ ਨਾਲ ਮਰੇ ਪਸ਼ੂ ਦਾ ਗਿਣਤੀ ਵੀ ਪਸ਼ੂ ਘਟਣ ਵਿੱਚ ਸ਼ਾਮਲ ਹੈ । ਕੁਝ ਤਾਂ ਮਰ ਗਏ ਅਤੇ ਕੁਝ ਕੰਡਮ ਹੋ ਕੇ ਸੂਆਂ ਨਹੀਂ ਸਕੇ ।

ਅੱਡ-ਅੱਡ ਕਰ ਕੇ ਦੇਖੀਏ ਤਾਂ ਸਰਕਾਰ ਵੱਲੋਂ ਲਾਗਤਾਂ ਅਨੁਸਾਰ ਦੁੱਧ ਦੀਆਂ ਕੀਮਤਾਂ ਤੈਅ ਕੀਤੀਆਂ ਜਾਣ, ਨਕਲੀ ਦੁੱਧ 'ਤੇ ਸ਼ਿਕੰਜਾ ਕੱਸਦਿਆਂ ਦੁੱਧ ਨੂੰ ਜ਼ਹਿਰ ਕਹਿਣ ਵਾਲੀਆਂ ਸ਼ਕਤੀਆਂ ਦਾ ਟਾਕਰਾ ਕਰਦਿਆਂ ਦੁੱਧ ਨੂੰ ਫਿਰ 13ਵੇਂ ਰਤਨ ਦਾ ਦਰਜਾ ਦਿਵਾਉਣ ਦੀ ਲੋੜ ਹੈ । ਫੀਡ, ਦਵਾਈਆਂ, ਸੀਮਨ ਦੇ ਰੇਟਾਂ ਤੇ ਕੁਆਲਟੀ 'ਤੇ ਸਰਕਾਰੀ ਕੰਟਰੋਲ ਹੋਵੇ, ਪਸ਼ੂ ਪਾਲਣ ਵਿਭਾਗ ਲਈ ਬਜਟ ਵਿੱਚ ਵੱਧ ਪੈਸਾ ਰੱਖਿਆ ਜਾਵੇ ।

ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਆਪਣੀਆਂ ਸੰਸਥਾਵਾਂ ਅੰਦਰ ਹਾਜ਼ਰੀ ਯਕੀਨੀ ਹੋਵੇ, ਛੂਤ ਦੀਆਂ ਬੀਮਾਰੀਆਂ ਲਈ ਇੱਕ ਵੈਕਸੀਨ ਲਗਾਈ ਜਾਵੇ, ਹਰ ਪਿੰਡ ਵਿੱਚ ਪਸ਼ੂ ਪਾਲਣ ਨੂੰ ਪ੍ਰਫ਼ਲਿਤ ਕਰਨ ਲਈ ਸੈਮੀਨਾਰ ਬਗੈਰਾ ਕੀਤੇ ਜਾਣ ਕਿਉਕਿ ਕਿੱਤੇ ਤੋਂ ਅਣਜਾਣ ਲੋਕ ਜ਼ਿਆਦਾ ਖਰਚ ਕਰ ਕੇ ਵੀ ਘੱਟ ਪੈਦਵਾਰ ਲੈ ਰਹੇ ਹਨ । ਬਾਂਝਪਣ (Infertility), ਪਸ਼ੂਆਂ ਦਾ ਸਮੇਂ 'ਤੇ ਹੀਟ ਵਿੱਚ ਨਾ ਆਉਣਾ (Anestrous) ਵਰਗੇ ਕਾਰਨ ਅਤੇ ਵਿਸ਼ੇਸ਼ ਧਿਆਨ ਦੇ ਕੇ ਹਰ ਸਾਲ ਸੂਆਂ ਲੈਣ ਦੇ ਉਪਰਾਲੇ ਕਰਨੇ ਚਾਹੀਦੇ ਹਨ । ਵੈਟਨਰੀ ਅਫਸਰ ਅਤੇ ਵੈਟਨਰੀ ਇੰਸਪੈਕਟਰ ਪਸ਼ੂ ਪਾਲਕਾਂ ਦੀਆਂ ਤਕਲੀਫਾਂ ਨੂੰ ਸਮਝਦਿਆਂ ਉਨ੍ਹਾਂ ਦੀ ਮਦਦ ਲਈ ਹਰ ਸੰਭਵ ਯਤਨ ਕਰਨ । ਇਸ ਦੇਨਾਲ ਹੀ ਪਸ਼ੂ ਪਾਲਕਾਂ ਨੂੰ ਚਾਹੀਦਾ ਹੈ ਕਿ ਉਹ ਪਸ਼ੂ ਨੂੰ ਡੰਗਰ ਸਮਝਣ ਦੀ ਥਾਂ ਆਪਣੇ ਬੱਚਿਆਂ ਵਾਂਗ ਸੰਭਾਲਣ, ਆਪਣੇ ਪਿਤਾ ਪੁਰਖੀ ਕਿੱਤੇ ਨੂੰ ਨਿੰਦਣ ਨਾ, ਸਮੇਂ ਤੇ ਲੋੜ ਅਨੁਸਾਰ ਖੁਰਾਕ ਪਾਣੀ ਦਿੱਤਾ ਜਾਵੇ । ਪਸ਼ੂ, ਪਸ਼ੂਆਂ ਦਾ ਚਾਰਾ ਅਤੇ ਪਸ਼ੂਆਂ ਦੇ ਸ਼ੈੱਡ ਬਿਲਕੁਲ ਸਾਫ ਸੁਥੇਰੇ ਰੱਖੇ ਜਾਣ ।

ਪੰਜਾਬ ਸਰਕਾਰ ਵੱਲੋਂ ਪਸ਼ੂਆਂ ਪਾਲਕਾਂ ਲਈ ਸਸਤੀਆਂ ਵਿਆਜ ਦਰਾਂ ਅਤੇ ਸਬਸਿਡੀ ਵਾਲੇ ਕਰਜ਼ੇ, ਸਸਤਾ ਪਸ਼ੂ ਸਿਹਤ ਬੀਮਾ, ਮੱਝਾਂ ਦੀ ਨਸਲ ਸੁਧਾਰਨ ਵਾਸਤੇ ਪੀਟੀ ਪ੍ਰਾਜੈਕਟ ਵਰਗਾ ਪੂਰੇ ਪੰਜਾਬ ਵਿੱਚ ਕੋਈ ਪਾਇਲਟ ਪ੍ਰਾਜੈਕਟ ਲਾਗੂ ਕਰਨਾ, ਪਸ਼ੂ ਦੇ ਇਲਾਜ ਅਤੇ ਮੌਤ ਹੋਣ ਦੀ ਹਾਲਤ ਵਿੱਚ ਵਿਤੀ ਸਹਾਇਤੀ ਇਸ ਧੰਦੇ ਨੂੰ ਬਚਾ ਸਕਦੀ ਹੈ ।

ਪਸ਼ੂ ਪਾਲਕਾਂ ਬਾਰੇ ਇੱਕ ਗੱਲ ਜ਼ਰੂਰ ਕਹਾਂਗੇ ਕਿ ਉਹ ਦੂਜੇ ਲੋਕਾਂ ਦੇਮੁਕਾਬਲਤਨ ਵਧੇਰੇ ਚੁਸਤ, ਤੰਦਰੁਸਤ ਮਿਹਨਤੀ ਅਤੇ ਜਿੰਮੇਵਾਰ ਹੁੰਦੇ ਹਨ । ਕੰਮਕਾਜ ਵਿੱਚ ਰੁੱਝੇ ਰਹਿਣ ਕਾਰਨ ਨਸ਼ਾ ਅਤੇ ਮਾੜੀ ਸੰਗਤ ਤੋਂ ਅਕਸਰ ਦੂਰ ਰਹਿੰਦੇ ਹਨ, ਉਹ ਹਰ ਗੱਲ ਲਾਗੂ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਸ਼ੂ ਧਨ ਸਬੰਧੀ ਉਨ੍ਹਾਂ ਨੂੰ ਦਿੱਤੀ ਗਈ ਸਹੀ ਜਾਣਕਾਰੀ ਬਿਹਤਰ ਨਤੀਜੇ ਦੇ ਸਕਦੀ ਹੈ ।

ਪੰਜਾਬ ਦਾ ਨੌਜਵਾਨ ਬੇਰਜ਼ਗਾਰੀ ਦੀ ਮਾਰ ਹੇਠ ਹੈ, ਗੁਜ਼ਰੇ ਲਾਇਕ ਧੰਦਿਆਂ ਦਾ ਬੰਦ ਹੋਣਾ ਹੋਰ ਖ਼ਤਰਨਾਕ ਹੋਵੇਗਾ ਦੁੱਧ ਤੋਂ ਬਣਨ ਵਾਲਿਆਂ ਵਸਤਾਂ ਸਬੰਧੀ ਸਨਅਤ ਲਗਾ ਕੇ ਰੁਜ਼ਗਾਰ ਦੇ ਸਾਧਨ ਪੈਦਾ ਕੀਤੇ ਜਾ ਸਕਦੇ ਹਨ, ਪਸ਼ੂ ਪਾਲਣ ਧੰਦਾ ਘਰੇਲੂ ਸੁਆਣੀਆਂ ਨੂੰ ਵੀ ਰੁਜ਼ਗਾਰ ਦਿੰਦਾ ਹੈ । ਰਮ-ਮਿਲ ਕੇ ਉਪਰਾਲੇ ਕਰੀਏ ਤਾਂ ਕਿ ਪੰਜਾਬ ਅੰਦਰ ਨਸ਼ਿਆਂ ਦਾ ਛੇਵਾ ਦਰਿਆ ਬੰਦ ਹੋ ਕੇ ਦੁੱਧ ਦੀਆਂ ਨਦੀਆਂ ਵਹਿ ਸਕਣ । ਆਓ, ਠੋਸ ਉਪਰਾਲੇ ਕਰ ਕੇ ਘਟ ਰਹੇ ਪਸ਼ੂ ਧਨ ਨੂੰ ਬਚਾਈਏ ।

*ਲੇਖਕ ਸੇਵਾ ਮੁਕਤ ਵੈਟਰੀ ਇਸਪੈਕਟਰ ਹੈ*

# ਆਓ ਵਾਧੂ ਬਰਸੀਮ ਚਾਰੇ ਦਾ ਹੇਅ ਬਣਾ ਕੇ (ਸੁਕਾ ਕੇ) ਘਾਟ ਵਾਲੇ ਸਮੇਂ ਲਈ ਸੰਭਾਲੀਏ

**ਹੇਅ ਬਣਾਉਣ ਸਮੇਂ ਧਿਆਨ ਰੱਖਣਯੋਗ ਗੱਲਾਂ :**

★ ਹੇਅ ਬਣਾਉਣ ਵਾਲੇ ਚਾਰਿਆਂ ਵਿਚ ਨਮੀਂ 75-80% ਹੁੰਦੀ ਹੈ ਪਰ ਹੇਅ ਬਣਾਉਣ ਲਈ ਇਸ ਨੂੰ 15% ਦੀ ਨਮੀ ਤੱਕ ਸੁਕਾਉਣਾ ਚਾਹੀਦਾ ਹੈ ।

★ ਸੁੱਕਾ ਚਾਰਾ ਤਿਆਰ ਕਰਨ ਲਈ ਫੁੱਲ ਪੈਣ ਸਮੇਂ ਫਸਲ ਦੀ ਕਟਾਈ ਕਰਨੀ ਚਾਹੀਦੀ ਹੈ । ਇਸ ਸਮੇਂ ਚਾਰੇ ਵਿਚ ਵੱਧ ਤੋਂ ਵੱਧ ਪੌਸ਼ਟਿਕ ਤੱਤ ਮੌਜੂਦ ਹੁੰਦੇ ਹਨ ।

★ ਸੁੱਕਾ ਚਾਰਾ ਤਿਆਰ ਕਰਨ ਲਈ ਸਮੇਂ ਫਸਲ ਦੇ ਪੱਤੇ ਝੜਨ ਤੋਂ ਬਚਾਉਣੇ ਬਹੁਤ ਜ਼ਰੂਰੀ ਹਨ ਕਿਉਕਿ ਪੌਦੇ ਦੇ ਦੂਸਰੇ ਹਿੱਸੇ ਦੇ ਮੁਕਾਬਲੇ ਪੱਤਿਆਂ ਵਿਚ ਸਭ ਤੋਂ ਵੱਧ ਪੌਸ਼ਟਿਕ ਤੱਕ ਮੌਜੂਦ ਹੁੰਦੇ ਹਨ ।

★ ਕੱਟੀ ਫਸਲ ਨੂੰ 1-2 ਦਿਨ ਖੇਤ ਵਿਚ ਸੁਕਾਉਣ ਤੋਂ ਬਾਅਦ 5-8 ਸੈਂਟੀਮੀਟਰ ਮੋਟਾ ਕੁਤਰਾ ਕਰਨਾ ਚਾਹੀਦਾ ਹੈ ।

★ ਕੁਤਰੇ ਹੋਏ ਚਾਰੇ ਨੂੰ 5-6 ਇੰਚ ਦੀ ਤਹਿ ਵਿਚ ਸਾਫ ਪੱਕੇ ਫਰਸ਼ ਤੇ ਖਿਲਾਰ ਕੇ ਧੁੱਪ ਵਿਚ ਸੁਕਾਉਣਾ ਚਾਹੀਦਾ ਹੈ ।

★ ਇਸ ਨੂੰ ਛੇਤੀ ਸੁਕਾਉਣ ਲਈ ਕਿਸੇ ਤਰੰਗਲੀ ਨਾਲ ਹਰ ਦੋ ਤਿੰਨ ਘੰਟੇ ਬਾਅਦ ਹਿਲਾਉਣਾ ਲਾਹੇਵੰਦ ਰਹਿੰਦਾ ਹੈ । ਵਾਰ-ਵਾਰ ਹਿਲਾਉਣ ਨਾਲ ਚਾਰਾ 3-4 ਦਿਨ ਵਿਚ ਸੁੱਕ ਜਾਂਦਾ ਹੈ ।

★ ਸਟੋਰ ਕਰਨ ਤੋਂ ਪਹਿਲਾਂ ਚਾਰੇ ਵਿਚ ਨਮੀਂ ਦੀ ਮਾਤਰਾ 15% ਤੋਂ ਘੱਟ ਹੋਣੀ ਚਾਹੀਦੀ ਹੈ । ਨਮੀਂ ਦੀ ਪਰਖ ਕਰਨ ਲਈ ਸੁਕਾਏ ਹੋਏ ਕੁਤਰੇ ਨੂੰ ਹੱਥ ਨਾਲ ਮਰੋੜੀ ਦੇਣੀ ਚਾਹੀਦੀ ਹੈ । ਜੇਕਰ ਇਹ ਇਕਦਮ ਟੁੱਟ ਜਾਣ ਤਾਂ ਸਮਝੋ ਕਿ ਚਾਰਾ ਸਟੋਰ ਕਰਨ ਲਈ ਤਿਆਰ ਹੈ । ਸੁੱਕੇ ਚਾਰੇ (ਹੇਅ) ਨੂੰ ਕੁੱਖ ਬਣਾ ਕੇ ਜਾਂ ਤੂੜੀ ਵਾਲੇ ਕੋਠੇ ਵਿਚ ਸਟੋਰ ਕੀਤਾ ਜਾ ਸਕਦਾ ਹੈ ।



★ ਜੇਕਰ ਹੇਅ ਵਿਚ ਨਮੀਂ 15% ਤੋਂ ਘੱਟ ਹੋਵੇਗੀ ਤਾਂ ਇਸ ਨੂੰ ਲੰਮੇ ਸਮੇਂ ਤੱਕ ਸਟੋਰ ਕੀਤਾ ਜਾ ਸਕਦਾ ਹੈ ।

**ਸੁੱਕੇ ਚਾਰੇ (ਹੇਅ) ਦੇ ਗੁਣ :**

★ ਸਹੀ ਤਰੀਕੇ ਨਾਲ ਬਣਿਆ ਹੋਇਆ ਸੁੱਕਾ ਚਾਰਾ (ਹੇਅ) ਹਰੇ ਰੰਗ ਦਾ ਹੁੰਦਾ ਹੈ ।

★ ਸੁੱਕੇ ਚਾਰੇ ਵਿਚ ਪੱਤਿਆਂ ਦੀ ਭਰਪੂਰ ਮਾਤਰਾ ਹੋਣੀ ਚਾਹੀਦੀ ਹੈ ।

★ ਸੁੱਕਾ ਚਾਰਾ ਨਦੀਨਾਂ ਅਤੇ ਹੋਰ ਘਾਹ ਫੂਸ ਤੋਂ ਰਹਿਤ ਹੋਣਾ ਚਾਹੀਦਾ ਹੈ ।

★ ਇਕ ਕਿਲੋ ਸੁਕਾਇਆ ਹਰਾ ਚਾਰਾ ਜਿਸ ਵਿਚ 90 ਪ੍ਰਤੀਸ਼ਤ ਸੁੱਕਾ ਮਾਦਾ ਹੁੰਦਾ ਹੈ, ਉਹ 6 ਕਿਲੋ ਹਰੇ ਚਾਰੇ ਦੇ ਬਰਾਬਰ ਹੈ ਜਿਸ ਵਿਚ 15 ਪ੍ਰਤੀਸ਼ਤ ਸੁੱਕਾ ਮਾਦਾ ਹੁੰਦਾ ਹੈ ।

**ਸੁੱਕਾ ਚਾਰਾ (ਹੇਅ) ਪਾਉਣ ਦੇ ਲਾਭ :**

★ ਸਹੀ ਤਰੀਕਾ ਅਪਣਾ ਕੇ ਬਣਾਏ ਸੁੱਕੇ ਚਾਰੇ ਨੂੰ ਲੰਮੇ ਸਮੇਂ ਤੱਕ ਸਟੋਰ ਕੀਤਾ ਜਾ ਸਕਦਾ ਹੈ ।

★ ਇਸ ਨੂੰ ਹਰੇ ਚਾਰੇ ਦੀ ਘਾਟ ਵਾਲੇ ਸਮੇਂ ਵਿਚ ਵਰਤਿਆ ਜਾ ਸਕਦਾ ਹੈ ।

★ ਹਰੇ ਚਾਰੇ ਦੇ ਮੁਕਾਬਲੇ ਸੁੱਕੇ ਚਾਰੇ ਦੀ ਸੰਭਾਲ ਅਤੇ ਢੋਆ ਢੁਆਈ ਵਿਚ ਲੇਬਰ ਘੱਟ ਲਗਦੀ ਹੈ ।

★ ਪ੍ਰੋਟੀਨ ਨਾਲ ਭਰਪੂਰ ਹੋਣ ਕਰਕੇ ਹੇਅ ਨੂੰ ਵੰਡ ਦੇ ਸਸਤੇ ਬਦਲ ਵਜੋਂ ਵਰਤਣਾ ਲਾਭਕਾਰੀ ਰਹਿੰਦਾ ਹੈ ।

*ਵਿਵੇਕ ਸ਼ਰਮਾ, ਵਿਵੇਕ ਕੁਮਾਰ ਅਤੇ ਕਰਮਜੀਤ ਸ਼ਰਮਾ, ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ, ਮੋਬਾਈਲ : 98769-17183*




# ਅਮਰੀਕਾ ਦੀ ਟੈਰਿਫ ਨੀਤੀ ਅਤੇ ਭਾਰਤ

ਅਮਰੀਕਾ ਨੇ ਜੋ ਟੈਰਿਫ ਦੀ ਜੰਗ ਛੇੜ ਦਿੱਤੀ ਹੈ ਇਸ ਵਿੱਚ ਬਹੁਪੱਖੀ (ਮਲਟੀਲੇਟਰਲ) ਵਪਾਰ ਜੋ ਵਿਸ਼ਵ ਵਪਾਰ ਸੰਗਠਨ ਤਹਿਤ ਚੱਲਦਾ ਸੀ, ਉਸ ਨੂੰ ਵੱਡੀ ਚੁਣੌਤੀ ਦਿੱਤੀ ਹੈ। ਇਹ ਵਪਾਰ ਹੁਣ ਦੁਵੱਲੇ (ਬਾਈਲੇਟਰਲ) ਵਪਾਰ ਵਿੱਚ ਤਬਦੀਲ ਹੋਵੇਗਾ। ਬਹੁਪੱਖੀ ਵਪਾਰ ਦਾ ਮਤਲਬ ਜੋ ਤਿੰਨ ਜਾਂ ਤਿੰਨ ਤੋਂ ਜਿਆਦਾ ਦੇਸ਼ਾਂ ਵਿਚਕਾਰ ਹੋਵੇ। ਜਦਕਿ ਇਸ ਦੇ ਉਲਟ ਜੋ ਵਪਾਰ ਦੋ ਦੇਸ਼ਾਂ ਦਰਮਿਆਨ ਚੱਲਦਾ ਹੈ, ਉਸ ਨੂੰ ਦੁਵੱਲਾ ਵਪਾਰ ਕਿਹਾ ਜਾਂਦਾ ਹੈ। ਦੂਜੀ



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ. 96537-9000

ਵਿਸ਼ਵ ਜੰਗ ਤੋਂ ਬਾਅਦ ਦੇਸ਼ਾਂ ਦਾ ਆਪਸ ਵਿੱਚ ਵਪਾਰ 1948 ਵਿੱਚ ਗੇਟ (GATT, General Agreement on Trade & Tariffs) ਬਣਾ ਕੇ ਹੋਇਆ ਸੀ। ਇਸ ਵਿੱਚ ਕਾਫੀ ਕਮੀਆਂ ਸਨ ਜਿਸ ਤਰ੍ਹਾਂ ਪੱਕੇ ਮੈਂਬਰ ਨਾ ਹੋਣਾ ਫੇਰ ਆਪਸ ਵਿੱਚ ਵਿਵਾਦ ਹੋ ਜਾਂਦਾ ਹੈ ਤਾਂ ਕਿਸ ਦੀ ਜ਼ਿੰਮੇਵਾਰੀ ਹੋਵੇਗੀ। ਇਸ ਲਈ 1995 ਵਿੱਚ ਡੰਕਲ ਕਾਨਫਰੰਸ ਵਿੱਚ ਗੇਟ ਨੂੰ ਬਦਲ ਕਿ ਵਿਸ਼ਵ ਵਪਾਰ ਸੰਗਠਨ (WTO) ਬਣਾਇਆ ਗਿਆ। ਉਸ ਵੇਲੇ ਤਕਰੀਬਨ 123 ਦੇਸ਼ ਡਬਲਿਊ ਟੀ ਓ ਮੈਂਬਰ ਸਨ, ਜੋ ਹੁਣ ਵਧ ਕੇ 166 ਹੋ ਗਏ। ਇਸ ਵਿੱਚ 14 ਸਮਝੌਤੇ ਵਸਤੂਆਂ ਨਾਲ ਜੁੜੇ ਸੀ ਅਤੇ ਇੱਕ ਸਮਝੌਤਾ ਸਰਵਿਸ਼ਿਜ ਨਾਲ ਸੀ। 14 ਸਮਝੌਤੇ ਜੋ ਵਸਤੂਆਂ ਦੇ ਸਨ, ਉਹਨਾਂ ਨੂੰ ਵਸਤੂ ਵਪਾਰ (Trade in Goods) ਦਾ ਨਾਮ ਦਿੱਤਾ ਸੀ, ਇਸ ਵਿੱਚ ਖੇਤੀ ਅਤੇ ਸਹਾਇਕ ਧੰਦਿਆਂ ਨੂੰ ਵੀ ਜੋੜ ਲਿਆ ਗਿਆ ਸੀ। ਉਸ ਸਮੇਂ ਵਿਕਾਸਸ਼ੀਲ ਅਤੇ ਪੱਛੜੇ ਦੇਸ਼ਾਂ ਨੇ ਰੌਲਾ ਪਾਇਆ ਤਾਂ ਖੇਤੀ ਅਤੇ ਸਹਾਇਕ ਧੰਦਿਆਂ ਦੇ ਵਪਾਰ ਨੂੰ ਇਕਦਮ ਖੋਲਣ 'ਤੇ ਰੋਕ ਲਗਾ ਦਿੱਤੀ ਅਤੇ ਵਿਕਸਿਤ ਦੇਸ਼ਾਂ ਨੂੰ ਸਾਲ ਅਤੇ ਵਿਕਾਸਸ਼ੀਲ ਨੂੰ 10 ਸਾਲ ਦਾ ਸਮਾਂ ਦਿੱਤਾ ਗਿਆ ਕਿ ਹੌਲੀ-ਹੌਲੀ ਤੁਸੀਂ ਆਪਣੇ ਖੇਤੀ ਖੇਤਰਾਂ ਨੂੰ ਠੀਕ ਕਰ ਲਉ, ਇਸ ਨੂੰ ਫੇਰ ਖੋਲ੍ਹਿਆ ਜਾਵੇਗਾ। ਪਿਛਲੇ ਸਮੇਂ ਵਿੱਚ ਐਮ. ਐਸ. ਪੀ. ਅਤੇ ਸਰਕਾਰੀ ਖਰੀਦ ਨੂੰ ਲੈ ਕੇ ਭਾਰਤ ਤੇ ਦਬਾਅ ਦੇ ਪ੍ਰਤੀਕਰਣ ਬਣਦੇ ਰਹੇ ਹਨ। ਖਾਸ ਕਰਕੇ ਅਮਰੀਕਾਂ ਵੱਲੋਂ ਪਰ ਜਦੋਂ ਤੋਂ ਚੀਨ ਪਾਕਿਸਤਾਨ ਵਿਚਕਾਰ ਸਮਝੌਤੇ ਹੋਏ ਤਾਂ ਅਮਰੀਕਾ ਦਾ ਰੁਖ਼ ਭਾਰਤ ਲਈ ਕੁੱਝ ਨਰਮ ਹੋਇਆ ਤਾਂ ਕਿ ਜੇ ਚੀਨ ਕੋਈ ਹਿਲਜੁਲ ਅਮਰੀਕਾ ਖਿਲਾਫ ਕਰਦਾ ਹੈ ਤਾਂ ਅਮਰੀਕਾ ਭਾਰਤ ਦੀ ਜ਼ਮੀਨ ਚੀਨ ਖਿਲਾਫ ਵਰਤ ਸਕੇ। ਇਸ ਗੱਲ ਨੂੰ ਮੁੱਖ ਰੱਖਦਿਆ ਅਮਰੀਕਾ ਨੇ ਕਈ ਨਵੀਆਂ ਤਕਨੀਕਾਂ ਦੇ ਹਥਿਆਰ ਭਾਰਤ ਨੂੰ ਵੇਚੇ ਹਨ। ਇਸ ਮੁੱਦੇ ਤਹਿਤ ਕਈ ਦੇਸ਼ਾਂ ਨੇ ਰਲ ਕੇ ਖੇਤਰੀ ਬਲਾਕ ਵੀ ਬਣਾਏ ਯਾਨੀ ਕਹਿ ਲਓ ਕਿ ਜੋ ਨਾਲ ਨਾਲ ਲੱਗਦੇ ਦੇਸ਼ ਸਨ ਉਹਨਾਂ ਨੇ ਇੱਕਠੇ ਹੋ ਕਿ ਆਪਣੇ ਨਿਯਮ ਬਣਾ ਕੇ ਉਹ ਦੇਸ਼ ਨਾਲ ਵਪਾਰਕ ਮਾਮਲਿਆਂ ਵਿੱਚ ਕਿਸ ਤਰ੍ਹਾਂ ਨਜਿੱਠਣਗੇ। ਇਸ ਵਿੱਚ ਪ੍ਰਮੁੱਖ ਸੀ ਨਾਫਟਾ (NAFTA North America Free Trade Agreement) ਇਸ ਵਿੱਚ ਉੱਤਰੀ ਅਮਰੀਕਾ, ਕਨੇਡਾ ਅਤੇ ਦੱਖਣੀ ਅਮਰੀਕਾ ਦੇ ਦੇਸ਼ ਸ਼ਾਮਲ ਸਨ। ਇਸ ਤਰ੍ਹਾਂ ਯੂਰਪੀਅਨ ਯੂਨੀਅਨ, ਸਾਰਕ, ਅਤੇ ਹੁਣ ਬਹੁ-ਚਰਚਿਤ ਬਰਿਕਸ (ਬਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ) ਹਨ। ਹੁਣ ਚਾਰ ਨਵੇਂ ਦੇਸ਼ ਹੋਰ ਜੁੜੇ ਹਨ ਮਿਸਰ, ਇਥੋਪੀਆ, ਇਰਾਨ ਅਤੇ ਯੂ ਏ ਈ (Egypt, Ethiopia, Iran ਅਤੇ USE)। ਇਥੇ ਇੱਕ ਗੱਲ ਸਪਸ਼ਟ ਹੈ ਕਿ ਜਿਥੇ ਜਿਆਦਾ ਦੇਸ਼ ਇੱਕਠੇ ਹੋਣਗੇ ਉਥੇ ਵਿਕਾਸਸ਼ੀਲ ਦੇਸ਼ ਵਿਕਸਿਤ ਦੇਸ਼ਾਂ ਦੀਆਂ ਨੀਤੀਆਂ ਦਾ ਝੁਕਾਅ ਆਪਣੇ ਵੱਲ ਕਰ ਸਕਦੇ ਹਨ। ਜਦੋਂ ਇਹ ਦੇਸ਼ ਇੱਕਲੇ-ਇੱਕਲੇ ਦੁਵੱਲੇ ਪ੍ਰਭਾਵ ਵਿੱਚ ਆਉਣਗੇ ਤਾਂ ਇਹਨਾਂ ਦੀ ਸੌਦੇਬਾਜੀ ਕਰਨ ਦੀ ਕਸ਼ਮਤਾ ਘਟੇਗੀ। ਇਸ ਵਿਚਾਲੇ ਅਸੀਂ ਦੇਖ ਹੀ ਸਕਦੇ ਹਾਂ ਕਿ ਜਦੋਂ ਭਾਰਤ ਦੀ ਨਿੰਮ, ਹਲਦੀ ਅਤੇ ਬਾਸਪਤੀ ਨੂੰ ਅਮਰੀਕਾ ਨੇ ਆਪਣਾ ਦੱਸ ਕੇ ਪੇਟੈਂਟ ਕਰਵਾ ਲਿਆ ਤਾਂ ਭਾਰਤ ਨੇ ਵਿਸ਼ਵ ਵਪਾਰ ਸੰਗਠਨ ਦੀ ਕਚਹਿਰੀ ਡਿਸਪਿਊਟ ਸੈਟਲਮੈਂਟ ਸੰਸਥਾ ਵਿੱਚ ਪਹੁੰਚਿਆ ਤਾਂ ਕੁੱਝ ਸਫਲਤਾ ਜ਼ਰੂਰ ਮਿਲੀ। ਗੱਲ ਹੈ ਕਿ ਸ਼ਿਕਾਇਤ ਨਿਵਾਰਨ ਲਈ ਸਾਂਝੀ ਸੰਸਥਾ ਤਾਂ ਹੈ। ਅਗਰ ਇਹ ਸੰਸਥਾ ਹੀ ਖਤਮ ਹੋ ਗਈ ਫੇਰ ਤਾਂ ਕਿਤੇ ਸੁਣਵਾਈ ਹੀ ਨਹੀਂ ਹੋਣੀ। ਅੱਜ ਅਮਰੀਕਾ ਭਾਰਤ ਨਾਲ ਜੋ ਦੁਵੱਲੇ ਟੈਕਸ ਦੀ ਗੱਲ ਕਰਦਾ ਹੈ ਉਸ ਪਿੱਛੇ ਮਨਸ਼ਾ ਖੇਤੀ ਅਤੇ ਸਹਾਇਕ ਧੰਦਿਆਂ ਦੀ ਖੁੱਲ੍ਹ ਕਰਾਉਣਾ ਹੈ। ਅੱਜ ਅਮਰੀਕਾ ਭਾਰਤ ਵੱਲੋਂ ਭੇਜੇ ਖੇਤੀ ਉਤਪਾਦਾਂ 'ਤੇ ਔਸਤ 5.6% ਡਿਊਟੀ ਲਾਉਂਦਾ ਹੈ, ਜਦੋਂਕਿ ਭਾਰਤ ਵਿੱਚ ਇਹ ਔਸਤ 37.7% ਹੈ ਯਾਨੀ ਕਿ 32 ਫੀਸਦੀ ਜ਼ਿਆਦਾ ਹੈ। ਜੇ ਖੇਤੀ ਉਤਪਾਦਾਂ 'ਤੇ ਡਿਊਟੀ ਘਟਾਉਂਦਾ ਹੈ ਤਾਂ ਨੁਕਸਾਨ ਜ਼ਿਆਦਾ ਅਤੇ ਫਾਇਦਾ ਘੱਟ ਹੈ। ਜੇ ਖੇਤੀ ਖੁੱਲ ਗਈ ਤਾਂ ਸਾਡੀ ਖੇਤੀ ਕਦੇ ਵੀ ਇਹਨਾਂ ਨਾਲ ਮੁਕਾਬਲਾ ਨਹੀਂ ਕਰ ਪਾਏਗੀ, ਉਸਦੇ ਕਾਰਨ ਹਨ। ਅਮਰੀਕਾ ਦੀ ਖੇਤੀ ਕਰਨ ਵਾਲੇ ਕਾਰਪੋਰੇਟ ਹਨ, ਦੂਜਾ ਉਥੇ ਖੇਤੀ ਤੇ ਸਬਸਿਡੀ ਬਹੁਤ ਜ਼ਿਆਦਾ ਅਤੇ ਉਹਨਾਂ ਨੇ ਵਾਤਵਰਨ ਦੇ ਨਾਮ ਤੇ ਬਹੁਤ ਜਿਆਦਾ ਰਿਆਇਤਾਂ ਦੇ ਰੱਖੀਆਂ ਹਨ।

ਉਹਨਾਂ ਨੇ ਪਹਿਲਾ ਸਸਤਾ ਸਮਾਨ ਸਿੱਟ ਕੇ ਸਾਡੀ ਕਿਸਾਨੀ ਹੀ ਖਤਮ ਕਰ ਦੇਣੀ ਹੈ। ਫਿਰ ਇਹਨਾਂ ਨੇ ਹੀ ਸਬਸਿਡੀਆਂ ਅਤੇ ਸਰਕਾਰੀ ਖਰੀਦ ਬੰਦ ਕਰਵਾ ਦੇਣੀਆਂ ਹਨ, ਜਿਸਦਾ ਅੱਜ ਹੀ ਝਗੜਾ ਚੱਲਦਾ ਹੈ। ਬਾਹਰਲਿਆਂ ਤੋਂ ਇਲਾਵਾ ਸਾਡੇ ਲੋਕ ਵੀ ਰੌਲਾ ਪਾਈ ਜਾਂਦੇ ਹਨ ਕਿ ਸਬਸਿਡੀ ਦੇ ਰਹੇ ਹਨ। ਬਲੂ ਬਾਕਸ ਯਾਨੀ ਸਿੱਧੀ ਸਬਸਿਡੀ ਜੋ ਕਿਸਾਨਾਂ ਦੇ ਖਾਤੇ ਵਿੱਚ ਜਾਂਦੀ ਹੋਵੇ। ਜਦਕਿ ਗਰੀਨਬਾਕਸ ਯਾਨੀ ਵਾਤਾਵਰਨ ਨੂੰ ਬਚਾਉਣ, ਖੋਜ ਫੰਡਿੰਗ, ਆਫਤ ਫੰਡਿੰਗ ਲਈ ਸਬਸਿਡੀ। ਜ਼ਿਕਰਯੋਗ ਹੈ ਕਿ ਅਮਰੀਕਾ ਅਮੀਰ ਦੇਸ਼ ਹੈ ਉੱਥੋਂ ਦਾ ਸਭ ਤੋਂ ਅਮੀਰ ਵਿਅਕਤੀ ਜੋ ਵੱਡਾ ਕਿਸਾਨ ਵੀ ਹੈ, ਸਭ ਤੋਂ ਵੱਧ ਸਬਸਿਡੀ ਵੀ ਲੈਂਦਾ ਹੈ। ਦੂਜਾ ਪਾਸੇ ਇਹ ਵਿਅਕਤੀ ਆਪਣੀ ਫਾਊਂਡੇਸ਼ਨ ਨਾਲ ਵਿਕਾਸਸ਼ੀਲ ਦੇਸ਼ਾਂ ਦੀ ਖੇਤੀ ਨੂੰ ਵਿਕਸਿਤ ਕਰਨ ਲਈ ਮੱਦਦ ਵੀ ਦਿੰਦਾ ਹੈ। ਖੇਤੀ ਖੋਜ ਵਿੱਚ ਵੀ ਹਿੱਸੇਦਾਰ ਬਣਦੇ ਹਨ। ਗੱਲ ਡੂੰਘੀ ਹੈ ਅਤੇ ਕਈ ਬੁੱਧੀਜੀਵੀ ਜੋ ਕਾਰਪੋਰੇਟ ਪੱਖੀ ਹਨ। ਇਹਨਾਂ ਦੇ ਇਸ ਕਦਮ ਦੀ ਸ਼ਲਾਘਾ ਕਰਦੇ ਨਹੀਂ ਥੱਕਦੇ, ਕਿਉਂਕਿ ਉਹਨਾਂ ਦੇ ਹਿਸਾਬ ਨਾਲ ਕਾਰਪੋਰੇਟ ਦੀ ਤਰੱਕੀ ਦਾ ਦੂਜਾ ਨਾਮ ਹੈ। ਦਰਅਸਲ ਇਹ ਲੋਕ ਖੇਤੀ ਸੈਕਟਰ ਵਿੱਚ ਵੜ ਕੇ ਖੁਰਾਕ ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਕਿਉਂਕਿ ਖੁਰਾਕ ਦਾ ਧੰਦਾ ਕਿਸੇ ਸਮੇਂ ਵੀ ਫੇਲ ਹੋਣ ਵਾਲਾ ਨਹੀਂ। ਆਮ ਲੋਕਾਂ ਤਾਂ ਸਿਰਫ ਸਹਿਕ ਦੇ ਰੱਖਣੇ ਚਾਹੀਦੇ ਹਨ।

ਇਕ ਗੱਲ ਹੋਰ ਵੀ ਧਿਆਨ ਦੇਣ ਵਾਲੀ ਹੈ ਵਿਕਸਿਤ ਦੇਸ਼ ਵਿਕਾਸਸ਼ੀਲ ਦੇਸ਼ਾਂ ਤੋਂ ਆਉਣ ਵਾਲੇ ਸਮਾਨ ਤੇ ਵਾਤਾਵਰਨ ਟੈਕਸ ਲਗਾਉਣ ਦੀਆ ਯੋਜਨਾਵਾ ਵੀ ਬਣਾ ਰਹੇ ਹਨ। ਅੱਜ ਹਾਲਾਤ ਇਹ ਹਨ ਕਿ ਹਰ ਵਿਕਸਿਤ ਦੇਸ਼ ਆਪਣ; ਪਾਣੀ ਬਚਾਉਣ ਲਈ ਉਦਯੋਗ ਵਿਕਾਸਸ਼ੀਲ ਦੇਸ਼ਾਂ ਵਿੱਚ ਭੇਜ ਰਹੇ ਹਨ ਅਤੇ ਖੇਤੀ ਲਈ ਪਾਣੀ ਵਧਾ ਕੇ ਉਸ ਦੀ ਨਿਰਭਰਤਾ ਦੂਜਿਆਂ ਤੇ ਘਟਾਈ ਜਾ ਰਹੀ ਹੈ ਉੱਧਰ ਵਿਕਾਸਸ਼ੀਲ ਦੇਸ਼ਾਂ ਵੱਲੋਂ ਬਣਾਈਆਂ ਵਸਤੂਆਂ ਤੇ ਡਿਊਟੀ ਘਟਾ ਕੇ ਵਾਤਾਵਰਨ ਟੈਕਸ




ਲਗਾਉਣ ਦੀ ਫਰਾਕ ਵਿੱਚ ਹਨ। ਉੱਧਰ ਅਮਰੀਕਾ ਨੇ ਵਿਸ਼ਵ ਵਪਾਰ ਸੰਗਠਨ ਵਿੱਚ ਪਿੱਛੇ ਵੀ ਘੱਟੋ ਘੱਟ ਸਮਰਥਨ ਮੁੱਲ 'ਤੇ ਰੌਲਾ ਪਾਇਆ ਸੀ। ਉਹਨਾਂ ਨੇ ਇਸ ਨੂੰ ਹੁਣ ਖਤਮ ਕਰਾਉਣ ਦਾ ਅੜਿਕਾ ਪਾਉਣਾ ਹੀ ਹੈ।

### ਖੁੱਲ੍ਹਾ ਵਪਾਰ ਸਮਝੌਤਾ (ਫਰੀ ਟਰੇਡ ਐਗਰੀਮੈਂਟ)

ਕਈ ਦੇਸ਼ ਆਪਸ ਵਿੱਚ ਖੁੱਲ੍ਹਾ ਵਪਾਰ ਸਮਝੌਤਾ ਕਰਕੇ ਵਿਸ਼ਵ ਵਪਾਰ ਦੀਆਂ ਹੱਦਾਂ ਬਦਲ ਰਹੇ ਹਨ। ਭਾਰਤ ਨੇ ਵੀ ਪਿਛਲੇ ਸਮੇਂ ਵਿੱਚ ਕਈ ਦੇਸ਼ਾਂ ਨਾਲ ਖੁੱਲ੍ਹੇ ਵਪਾਰ ਸਮਝੌਤੇ ਕੀਤੇ, ਜਿਵੇਂ ਕਿ ਨਿਊਜ਼ੀਲੈਂਡ, ਆਸਟਰੇਲੀਆ, ਮੋਰੀਸ਼ੀਅਸ। ਇਥੇ ਗੱਲ ਇਹ ਹੈ ਕਿ ਇੱਕ ਦੇਸ਼ ਯਾਨੀ ਭਾਰਤ ਦਾ ਕੁੱਝ ਵਸਤੂਆਂ ਲਈ ਆਸਟਰੇਲੀਆ ਨਾਲ ਫਰੀ ਟਰੇਡ ਹੈ ਤਾਂ ਹੋਰ ਕਿਸੇ ਦੇਸ਼ ਦਾ ਵੀ ਆਸਟਰੇਲੀਆ ਨਾਲ ਇਹੋ ਜਿਹਾ ਸਮਝੌਤਾ ਹੈ ਉਸ ਦੇਸ਼ ਦਾ ਭਾਰਤ ਨਾਲ ਸਮਝੌਤਾ ਨਹੀਂ ਅਤੇ ਭਾਰਤ ਵਿੱਚ ਉਸ ਦੀਆਂ ਵਸਤੂਆਂ ਤੇ ਡਿਊਟੀ ਲੱਗਦੀ ਹੈ ਤਾਂ ਉਹ ਆਪਣੀਆਂ ਵਸਤੂਆਂ ਆਸਟਰੇਲੀਆ ਜ਼ਰੀਏ ਭਾਰਤ ਬਿਨਾ ਡਿਊਟੀ ਭੇਜ ਸਕਦਾ ਹੈ। ਭਾਰਤ ਅਤੇ ਯੂਰੋਪ ਦੀ ਦੁੱਵਲੇ ਵਪਾਰ ਦੀ ਗੱਲਬਾਤ 2007 ਵਿੱਚ ਸ਼ੁਰੂ ਹੋਈ ਸੀ ਪਰ ਸਹਿਮਤੀ ਨਾਂ ਬਣਨ ਕਰਕੇ 2022 ਤੱਕ ਸਥਗਿਤ ਰਹੀ। ਇਸ ਨੂੰ ਜੁਲਾਈ 2022 ਵਿੱਚ ਮੁੜ ਸ਼ੁਰੂ ਕੀਤਾ ਗਿਆ ਅਤੇ 2023 ਤੱਕ ਇਸ ਨੂੰ ਪੂਰਾ ਕਰਨ ਦਾ ਟੀਚਾ ਰੱਖਿਆ ਗਿਆ ਸੀ। ਜਦੋਂ ਤੋਂ ਅਮਰੀਕਾ ਨੇ ਰੈਸੀਪਰੋਕਲ ਟੈਕਸ ਦੀ ਗੱਲ ਛੇੜੀ ਹੈ ਭਾਰਤ ਈ ਯੂ ਨਾਲ ਸਮਝੌਤੇ ਦੀ ਕਾਹਲੀ ਵਿੱਚ ਹੈ। ਇਹ ਸਮਝੌਤਾ ਅਜੇ ਤੱਕ ਸਿਰੇ ਨਾ ਚੜ੍ਹ ਸਕਿਆ ਅਸਲ ਵਿੱਚ ਮੁੱਖ ਮੁੱਦਾ ਫਿਰ ਖੇਤੀ ਤੇ ਸਹਾਇਕ ਧੰਦੇ ਹੀ ਹਨ। ਯੋਰਪੀਆਨ ਯੂਨੀਅਨ ਖੇਤੀ ਨੂੰ ਖੁਲਵਾਉਣਾ ਚਾਹੁੰਦਾ ਹੈ। ਖਾਸ ਕਰਕੇ ਡੇਅਰੀ ਖੇਤਰ ਨੂੰ ਉੱਧਰ ਸਾਡੀਆਂ ਵਸਤੂਆਂ ਲਈ ਉਸਨੇ ਮਿਆਰ ਉੱਚੇ ਕਰ ਦਿੱਤੇ ਹਨ। ਗੱਲ ਇਹ ਹੈ ਕਿ ਜਰਮਨੀ ਦੇ ਅਰਥਵਿਵਸਥਾ ਮੰਤਰੀ ਰੋਬਰਟ ਹਾਬੇਡੇ (Robert Habede) ਨੇ ਕਿਹਾ ਕਿ ਭਾਰਤ ਤੇ ਜਰਮਨੀ ਦੀ ਤੁਲਨਾ ਬਰਾਬਰ ਨਹੀਂ ਕੀਤੀ ਜਾ ਸਕਦੀ ਕਿਉਂਕਿ ਜਰਮਨੀ ਦੀ ਸਿਰਫ 2% ਅਬਾਦੀ ਖੇਤੀ ਤੇ ਨਿਰਭਰ ਕਰਦੀ ਹੈ ਜਦ ਕਿ ਭਾਰਤ ਦੀ 60 ਫੀਸਦੀ। ਭਾਰਤ ਲਈ ਖੇਤੀ ਤੇ ਸਹਾਇਕ ਧੰਦੇ ਦਾ ਖੇਤਰ ਖੋਲ੍ਹਣਾ ਸੌਖਾ ਨਹੀਂ ਹੋਵੇਗਾ। 2023 ਵਿੱਚ ਯੂਰਪੀਅਨ ਯੂਨੀਅਨ ਭਾਰਤ ਦਾ ਤਕਰੀਬਨ ਸਭ ਤੋਂ ਵੱਡਾ ਵਪਾਰਕ ਹਿੱਸੇਦਾਰ ਸੀ ਦੋਨਾਂ ਦੇਸ਼ਾਂ ਦਰਮਿਅਨ 124 ਬਿਲੀਅਨ ਯੂਰੋ ਦਾ ਵਪਾਰ ਹੋਇਆ ਸੀ। ਈ ਯੂ ਦੀ ਅੱਖ ਆਪਣਾ ਦੁੱਧ ਅਤੇ ਸਮੁੰਦਰੀ ਖਾਣੇ ਦੇ ਕਾਰੋਬਾਰ ਨੂੰ ਵਿਕਸਿਤ ਕਰਨ ਲਈ ਨਵੀਂ ਮੰਡੀ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ। ਇਸ ਨਾਲ ਸਿੱਧਾ ਸਾਡੇ ਡੇਅਰੀ ਅਤੇ ਸੀਅ ਫੂਡ (Sea Food) ਦੇ ਵਪਾਰ ਤੇ ਫਰਕ ਪੈਣਾ ਹੈ। ਦੋਨੋਂ ਹੀ ਸਾਡੀ ਖੇਤੀ ਤੇ ਕਿਸਾਨਾਂ ਨੂੰ ਸਹਾਰਾ ਲਾਉਂਦੇ ਹਨ। ਇਹਨਾਂ ਤੋਂ ਬਿਨਾਂ ਸਾਡੀ 60% ਆਬਾਦੀ ਦਾ ਜਿਉਣਾ ਮੁਹਾਲ ਹੋ ਜਾਵੇਗਾ। ਉੱਧਰ ਐਨੀ ਵੱਡੀ ਆਬਾਦੀ ਨੂੰ ਸਾਂਭਣ ਲਈ ਸਾਡੇ ਉਦਯੋਗ ਵਿੱਚ ਵੀ ਨੌਕਰੀਆਂ ਨਹੀਂ ਹਨ। ਕੁੱਲ ਮਿਲਾ ਕੇ ਜਿਸ ਤਰ੍ਹਾਂ ਅਮਰੀਕਾ ਨੇ ਇਕਦਮ ਆਮਦ ਵਾਲੀਆ ਵਸਤੂਆਂ ਤੇ ਟੈਕਸ ਵਧਾ ਕੇ ਸਾਰੀ ਦੁਨੀਆਂ ਨੂੰ ਸ਼ਸ਼ੋਪੰਜ ਵਿੱਚ ਪਾ ਦਿੱਤਾ ਹੈ। ਇਸ ਵਕਤ ਬਹੁਤ ਸੋਚ ਸਮਝ ਕੇ ਬਿਨਾਂ ਕਿਸੇ ਦਬਾਅ ਦੇ ਦੇਸ਼ ਦੇ ਹਿੱਤ ਅੱਗੇ ਰੱਖ ਕੇ ਫੈਸਲੇ ਲੈਣ ਦੀ ਲੋੜ ਹੈ ਤਾਂ ਕਿ ਦੇਸ਼ ਦੀ ਆਰਥਿਕਤਾ ਨੂੰ ਸੱਟ ਨਾ ਵਜੇ। ਖਾਸ ਕਰਕੇ ਹੁਣ ਜੋ ਹਾਲਾਤ ਸਾਡੇ ਪਾਕਿਸਤਾਨ ਨਾਲ ਬਣੇ ਹਨ ਉਹਨਾਂ ਦੇ ਮੱਦੇ ਨਜ਼ਰ ਦਬਾਅ ਵੱਧ ਸਕਦਾ ਹੈ।

# ਪੌਦੇ ਜੋ ਕਰਦੇ ਹਨ ਘਰ ਦੀ ਹਵਾ ਨੂੰ ਸਾਫ

ਭਾਰਤ ਵਿੱਚ ਹਵਾ ਪ੍ਰਦੂਸ਼ਣ ਦਾ ਖਤਰਾ ਲਗਾਤਾਰ ਵਧਦਾ ਜਾ ਰਿਹਾ ਹੈ । ਦਿੱਲੀ ਅਤੇ ਮੁੰਬਈ ਵਰਗੇ ਵੱਡੇ ਸ਼ਹਿਰ ਬੁਰੀ ਤਰ੍ਹਾਂ ਇਸ ਦੀ ਲਪੇਟ ਵਿੱਚ ਆ ਰਹੇ ਹਨ । ਸਾਡੇ ਦੇਸ਼ ਨੂੰ ਨੁਕਸਾਨ ਪਹੁੰਚਾਉਣ ਵਾਲੇ ਸਮਾਜਿਕ-ਆਰਥਿਕ ਮੁੱਦਿਆਂ ਵਿੱਚ ਗਲੋਬਲ ਵਾਰਮਿੰਗ ਵੀ ਸ਼ਾਮਿਲ ਹੈ, ਜਿਸ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ । ਹਾਲਾਂਕਿ, ਅਸੀਂ ਇਸ ਦੀ ਇੰਨੀ ਆਦਤ ਪਾ ਰਹੇ ਹਾਂ ਕਿ ਸਾਨੂੰ ਖਰਾਬ ਹਵਾ ਨੂੰ ਸਾਹ ਲੈਣ ਵਿੱਚ ਸਾਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਜ਼ਰ ਨਹੀਂ ਆ ਰਹੀ । ਪਰ ਸਾਨੂੰ ਇਸ ਦੇ ਬਾਰੇ ਗੰਭੀਰਤਾ ਨਾਲ ਸੋਚਣਾ ਹੋਵੇਗਾ । ਅਸੀਂ ਹੀ ਹਾਂ, ਜਿਨ੍ਹਾਂ ਨੂੰ ਆਪਣੀ ਸਿਹਤ ਅਤੇ ਸੁਰੱਖਿਆ ਲਈ ਸਾਨੂੰ ਸਹੀ ਕਦਮ ਚੁੱਕਣ ਦੀ ਲੋੜ ਹੈ । ਅਸੀਂ ਤੁਹਾਨੂੰ ਇਕ ਬੇਹਦ ਹੀ ਸੌਖਾ ਅਤੇ ਸਹੀ ਤਰੀਕਾ ਦੱਸ ਰਹੇ ਹਾਂ, ਜਿਸ ਨਾਲ ਘੱਟ ਤੋਂ ਘੱਟ ਆਪਣੇ ਘਰ ਦੀ ਹਵਾ ਨੂੰ ਤਾਂ ਸਾਫ ਰੱਖ ਸਕਾਂਗੇ । ਇਸ ਦੇ ਲਈ ਤੁਹਾਨੂੰ ਇਨ੍ਹਾਂ ਕੁੱਝ ਗੱਲਾਂ ਨੂੰ ਆਪਣੇ ਘਰ ਵਿੱਚ ਥਾਂ ਦੇਣੀ ਹੋਵੇਗੀ । ਆਉ ਜਾਣਦੇ ਹਾਂ :



### ਫਫੂੰਦ ਨੂੰ ਵਧਣ ਤੋਂ ਰੋਕਣ ਵਾਲਾ ਪੌਦਾ : ਪੀਸ ਲਿਲੀ

ਪੀਸ ਲਿਲੀ, ਇਕ ਬੇਹਦ ਘੱਟ ਸਾਂਭ-ਸੰਭਾਲ ਵਾਲਾ ਬੂਟਾ ਹੈ, ਜੋ ਨਮੀ ਵਾਲੀ ਮਿੱਟੀ ਅਤੇ ਘੱਟ ਰੌਸ਼ਨੀ ਵਿੱਚ



ਬਹੁਤ ਹੀ ਵਧੀਆ ਤਰੀਕੇ ਨਾਲ ਵਧਦਾ ਹੈ, ਇਸ ਨੂੰ ਡਾਇਰੈਕਟ ਸਨ-ਲਾਈਟ ਦੀ ਜ਼ਰੂਰਤ ਨਹੀਂ ਹੁੰਦੀ ਅਤੇ ਇਸ ਦੇ ਕਈ ਲਾਭ ਵੀ ਹਨ । ਇਹ ਘਰ ਵਿੱਚ ਫੈਲੀ ਨਮੀ ਨੂੰ ਸੋਖਦਾ ਅਤੇ ਉੱਲੀ ਨੂੰ ਵਧਣ ਤੋਂ ਰੋਕਦਾ ਹੈ । ਇਸ ਦੇ ਇਲਾਵਾ ਜਦੋਂ ਇਸ ਬੂਟੇ ਵਿੱਚ ਚਿੱਟਾ ਫੁੱਲ ਲਗਦਾ ਹੈ ਤਾਂ ਉਹ ਇੰਨਾ ਸੁੰਦਰ ਹੁੰਦਾ ਹੈ ਕਿ ਲੀਵਿੰਗ ਏਰੀਆ ਨੂੰ ਬਹੁਤ ਪਿਆਰਾ ਬਣਾ ਦਿੰਦਾ ਹੈ ਅਤੇ ਸਾਡੇ ਮੂੰਹੋਂ ਅਚਾਨਕ ਹੀ ਨਿਕਲ ਜਾਂਦਾ ਹੈ, ਵਾਹ !

### ਰਾਤ ਨੂੰ ਆਕਸੀਜ਼ਨ ਛੱਡਣ ਵਾਲਾ ਪੌਦਾ : ਜੇਡ ਪਲਾਂਟ

ਚੰਗੀ ਕਿਸਮਤ ਅਤੇ ਸਕਾਰਾਤਮਕਤਾ ਦਾ ਪ੍ਰਤੀਕ, ਜੇਡ ਪਲਾਂਟ ਇਕ ਸ਼ਾਨਦਾਰ ਤੋਹਫੇ ਦਾ ਵਿਕਲਪ ਹੈ । ਇਸ ਦੇ ਬਹੁਤ ਸਾਰੇ ਚਿਕਿਤਸਕੀ ਅਤੇ ਵਾਤਾਵਰਣ ਸੰਬੰਧੀ ਲਾਭਾਂ ਲਈ ਇਸ ਨੂੰ ਆਪਣੇ ਘਰ ਦੀ ਸਜਾਵਟ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ । ਇਹ ਤਣਾਅ ਘੱਟ ਕਰਨ ਅਤੇ ਚੰਗੀ ਨੀਂਦ ਲੈਣ ਵਿੱਚ ਮਦਦ ਕਰਦਾ ਹੈ । ਇਹ ਇਨਡੋਰ ਹਿਊਮੀਡਿਟੀ ਨੂੰ ਵਧਾਉਂਦਾ ਹੈ ਅਤੇ ਧੂੜ ਅਤੇ ਪਰਾਗ ਵਰਗੀ ਐਲਰਜੀ ਪੈਦਾ ਕਰਨ ਵਾਲੇ ਕਣਾਂ ਤੋਂ ਬਚਾਉਂਦਾ ਹੈ । ਇਸ ਦੀ ਸਭ ਤੋਂ ਚੰਗੀ ਗੱਲ ਇਹ ਹੈ ਕਿ ਇਹ ਰਾਤ ਵਿੱਚ ਆਕਸੀਜ਼ਨ ਛੱਡਦਾ ਹੈ, ਇਸ ਲਈ ਇਕ ਬੈਸਟ ਬੈੱਡਸਾਈਡ ਪਲਾਂਟ ਬਣ ਜਾਂਦਾ ਹੈ ।

### ਹਾਨੀਕਾਰਕ ਕਣਾਂ ਨੂੰ ਦੂਰ ਕਰਨ ਵਾਲਾ ਪੌਦਾ : ਏਰਿਕਾ ਪਾਮ


ਏਰਿਕਾ ਪਾਮ ਇਕ ਇਸ ਤਰ੍ਹਾਂ ਦਾ ਬੂਟਾ ਹੈ, ਜੋ ਹਵਾ ਤੋਂ ਹਾਨੀਕਾਰਕ ਕਣਾਂ ਨੂੰ ਸੋਖ ਕੇ ਤੁਹਾਡੇ ਘਰ ਨੂੰ ਸਾਹ ਲੈਣ ਦੇ ਲਈ ਇਕ ਬਿਹਤਰੀਨ ਥਾਂ ਬਣਾਉਂਦਾ ਹੈ । ਇਹ ਨਮੀ ਵਿੱਚ ਸੁਧਾਰ ਲਿਆਉਂਦਾ ਹੈ, ਜਿਸ ਨਾਲ ਅੱਖਾਂ ਵਿੱਚ ਹੋਣ ਵਾਲੀ ਖੁਜਲੀ, ਚਮੜੀ ਦਾ ਸੁੱਖਾਪਨ ਅਤੇ ਗਲੇ ਦੀ ਖਰਾਸ਼ ਵਰਗੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ ।

### ਪ੍ਰਦੂਸ਼ਣ ਤੋਂ ਬਚਾਉਣ ਵਾਲਾ ਪੌਦਾ : ਮਨੀ ਪਲਾਂਟ

ਮਨੀ ਪਲਾਂਟ ਨੂੰ ਧਨ ਅਤੇ ਖੁਸ਼ਹਾਲੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਅਤੇ ਇਸ ਲਈ ਇਹ ਇਨਡੋਰ ਪਲਾਂਟਸ ਦੇ ਰੂਪ ਵਿੱਚ ਪਸੰਦੀਦਾ ਬਦਲ ਹੈ ਹਾਲਾਂਕਿ ਇਸ ਦੇ ਇਲਾਵਾ ਵੀ ਇਸ ਦੇ ਕਈ ਫਾਇਦੇ ਹਨ । ਮਨੀ ਪਲਾਂਟ ਕਾਰਬਨ ਮੋਨੋਆਕਸਾਈਡ ਵਰਗੇ ਹਾਨੀਕਾਰਕ ਪ੍ਰਦੂਸ਼ਕਾਂ ਨੂੰ ਸੋਖ ਕੇ ਹਵਾ ਨੂੰ ਸਾਫ ਕਰਦਾ ਹੈ । ਜਦੋਂ ਇਸ ਨੂੰ ਅਕੇਰਿਯਮ ਵਿੱਚ ਉਗਾਇਆ ਜਾਂਦਾ ਹੈ ਤਾਂ ਇਹ ਮੱਛਲੀਆਂ ਨੂੰ ਨਾਈਟ੍ਰੇਟਸ ਤੋਂ ਵੀ ਬਚਾਉਂਦਾ ਹੈ ।

### ਐਲਰਜੀ ਰੋਕਣ ਵਾਲਾ ਪੌਦਾ : ਸਨੇਕ ਪਲਾਂਟ

ਸਨੇਕ ਪਲਾਂਟ ਆਪਣੇ ਆਪ ਵਿੱਚ ਕਈ ਲਾਭ ਸਮੇਟੇ ਹੋਏ ਹਨ । ਇਹ ਹਵਾ ਨੂੰ ਸ਼ੁੱਧ ਕਰਦਾ ਹੈ, ਐਲਰਜੀ ਨੂੰ ਰੋਕਦਾ



ਹੈ ਅਤੇ ਹੋਰ ਬਹੁਤ ਸਾਰੇ ਗੁਣਾਂ ਨਾਲ ਭਰਪੂਰ ਹੈ ।

# ਗਰਮੀਆਂ ਵਿੱਚ ਪੀਓ ਰਵਾਇਤੀ ਸ਼ਰਬਤ

## ਰਹੋਗੇ ਫਿੱਟ ਅਤੇ ਕੂਲ

ਗਰਮੀਆਂ ਵਿੱਚ ਜਦੋਂ ਸਾਨੂੰ ਬਹੁਤ ਗਰਮੀ ਲਗਦੀ ਹੈ ਤਾਂ ਇਸ ਦਾ ਸਿੱਧਾ ਅਸਰ ਸਾਡੇ ਸਰੀਰ ਉੱਤੇ ਪੈਂਦਾ ਹੈ । ਪਸੀਨਾ ਨਿਕਲਣ ਨਾਲ ਸਰੀਰ ਵਿੱਚ ਪਾਣੀ ਦੀ ਮਾਤਰਾ ਘੱਟ ਹੋ ਜਾਂਦੀ ਹੈ । ਨਤੀਜਾ ਖਾਣ ਨਾਲੋਂ ਜ਼ਿਆਦਾ ਪੀਣ ਨੂੰ ਮਨ ਕਰਦਾ ਹੈ । ਅਖੀਰ ਤਨ-ਮਨ ਨੂੰ ਰਾਹਤ ਪਹੁੰਚਾਉਣ ਲਈ ਅਸੀਂ ਅਕਸਰ ਤੁਰੰਤ ਕੋਲਡ ਡ੍ਰਿੰਕਸ ਖਰੀਦਦੇ ਹਾਂ ਅਤੇ ਗਟਾਗਟ ਕਰਕੇ ਪੀ ਜਾਂਦੇ ਹਾਂ । ਪਰ ਇਹ ਕੋਲਡ ਡ੍ਰਿੰਕਸ ਸਿਹਤ ਲਈ ਹਾਨੀਕਾਰਕ ਹੁੰਦੇ ਹਨ । ਇਨ੍ਹਾਂ ਵਿੱਚ ਕੈਲੋਰੀ ਦੀ ਮਾਤਰਾ ਜ਼ਿਆਦਾ ਪਾਈ ਜਾਂਦੀ ਹੈ, ਪਸੀਨਾ ਵੀ ਜ਼ਿਆਦਾ ਨਿਕਲਦਾ ਹੈ ਅਤੇ ਇਸ ਦੀ ਵਰਤੋਂ ਨਾਲ ਭੁੱਖ ਵੀ ਨਹੀਂ ਲਗਦੀ । ਇਸ ਲਈ ਕੋਲਡ ਡ੍ਰਿੰਕਸ ਦੀ ਕਦੀ-ਕਦਾਈਂ ਵਰਤੋਂ ਕਰਨਾ ਠੀਕ ਹੈ, ਪਰ ਇਸ ਦੀ ਲਗਾਤਾਰ ਆਦਤ ਨਾ ਪਾਓ । ਗਰਮੀਆਂ ਵਿੱਚ ਪੀਣ ਵਾਲੇ ਪਦਾਰਥਾਂ ਦੀ ਗੱਲ ਕਰੀਏ ਤਾਂ ਸਭ ਤੋਂ ਆਦਰਸ਼ ਹੈ ਸ਼ੁੱਧ ਪਾਣੀ । ਇਕ ਨੌਜਵਾਨ ਸਰੀਰ ਨੂੰ ਹਰ ਰੋਜ਼ ਔਸਤਨ ਅੱਠ ਤੋਂ ਦਸ ਗਿਲਾਸ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ, ਤਾਂ ਕਿ ਸਰੀਰ ਵਿੱਚ ਟਾਕਸਿਨ ਪਿਸ਼ਾਬ ਜ਼ਰੀਏ ਬਾਹਰ ਨਿਕਲ ਸਕਣ ਅਤੇ ਸਰੀਰ ਵਿੱਚ ਪਾਣੀ ਦਾ ਸੰਤੁਲਨ ਵੀ ਬਣਿਆ ਰਹੇ । ਦੂਜਾ ਪੀਣ ਵਾਲੇ ਪਦਾਰਥਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ ਤਾਜ਼ਾ ਮੌਸਮੀ ਫਲ ਅਤੇ ਸਬਜ਼ੀਆਂ । ਜ਼ਿਆਦਾਤਰ ਫਲਾਂ ਵਿੱਚ ਨੱਬੇ ਫ਼ੀਸਦੀ ਤਰਲ ਹੁੰਦਾ ਹੈ । ਇਹ ਸਰੀਰ ਦੀ ਮੈਟਾਬਾਲਿਜ਼ਮ ਪ੍ਰਕਿਰਿਆ ਨੂੰ ਤੇਜ਼ ਕਰ ਦਿੰਦਾ ਹੈ । ਫਲਾਂ ਵਿੱਚ ਕੁਦਰਤੀ ਰੂਪ ਵਿੱਚ ਜੋ ਚੀਨੀ ਪਾਈ ਜਾਂਦੀ ਹੈ, ਉਹ ਐਨਰਜੀ ਵਧਾਉਂਦੀ ਹੈ । ਵਿਟਾਮਿਨ 'ਸੀ' ਫਲਾਂ ਅਤੇ ਹਰੀਆਂ ਸਬਜ਼ੀਆਂ ਵਿੱਚ ਮੌਜੂਦ ਹੋਣ ਕਾਰਨ ਸਰੀਰ ਦੀ ਰੋਗ-ਪ੍ਰਤੀਰੋਧੀ ਸ਼ਕਤੀ ਬਣੀ ਰਹਿੰਦੀ ਹੈ । ਇਸ ਤੋਂ ਇਲਾਵਾ ਫਲਾਂ ਅਤੇ ਹਰੀਆਂ ਸਬਜ਼ੀਆਂ ਦਾ ਜੂਸ ਪੀਣ ਨਾਲ ਸਰੀਰ ਵਿੱਚ ਯੂਰਿਕ ਐਸਿਡ ਅਤੇ ਹੋਰ ਹਾਨੀਕਾਰਕ ਤੱਤ ਸਰੀਰ ਤੋਂ ਨਿਕਲ ਜਾਂਦੇ ਹਨ ਅਤੇ ਅਨੇਕ ਬਿਮਾਰੀਆਂ ਦਾ ਖ਼ਤਰਾ ਟਲ ਜਾਂਦਾ ਹੈ । ਇਸ ਤੋਂ ਇਲਾਵਾ ਇਹ ਚੀਜ਼ਾਂ ਵੀ ਪਿਆਸ ਬੁਝਾਉਣ ਅਤੇ ਸਿਹਤ ਲਈ ਫ਼ਾਇਦੇ ਦੇ ਲਿਹਾਜ਼ ਨਾਲ ਚੰਗੀਆਂ ਹੁੰਦੀਆਂ ਹਨ ।



### ਕੱਚੇ ਅੰਬ ਦਾ ਪਣਾ

ਕੱਚੇ ਅੰਬ ਉਬਾਲੋ ਜਾਂ ਭੁੰਨੋ । ਗੁੱਦਾ ਕੱਢੋ, ਸਵਾਦ ਅਨੁਸਾਰ ਕਾਲਾ ਨਮਕ, ਸਾਦਾ ਨਮਕ, ਜੀਰਾ, ਸੌਂਫ ਪਾਊਡਰ, ਚੀਨੀ ਠੰਢਾ ਪਾਣੀ ਮਿਲਾ ਕੇ ਮਿਕਸ ਕਰੋ । ਇਹ ਗਰਮ ਹਵਾਵਾਂ ਤੋਂ ਤਾਂ ਬਚਾਉਂਦਾ ਹੀ ਹੈ, ਨਾਲ ਹੀ ਪੇਟ ਦੀ ਗਰਮੀ ਵੀ ਸ਼ਾਂਤ ਕਰਦਾ ਹੈ । ਸੌਖਾ ਉਪਾਅ ਹੈ ਕਿ ਉਬਲੇ ਤੇ ਨਿਕਲੇ ਗੁੱਦੇ ਵਿੱਚ ਸਵਾਦ ਅਨੁਸਾਰ ਸਾਰੀਆਂ ਚੀਜ਼ਾਂ ਮਿਲਾ ਕੇ ਮਿਕਸੀ ਵਿੱਚ ਫੈਂਟ ਕੇ ਰੱਖ ਲਉ ਬਿਨਾਂ ਪਾਣੀ ਪਾਏ । ਦੋ-ਤਿੰਨ ਦਿਨ ਫਰਿੱਜ ਵਿੱਚ ਅਰਾਮ ਨਾਲ ਰੱਖ ਸਕਦੇ ਹੋ । ਜਦੋਂ ਇੱਛਾ ਹੋਵੇ ਠੰਢਾ ਪਾਣੀ ਮਿਲਾ ਕੇ ਮਿਕਸ ਕਰੋ ਅਤੇ ਪਣੇ ਦਾ ਸਵਾਦ ਲਉ ।

### ਨਿੰਬੂ ਦੀ ਸ਼ਿਕੰਜਵੀ

ਇਹ ਤਰਾਵਟ ਦੇ ਨਾਲ-ਨਾਲ ਰੋਗ-ਪ੍ਰਤੀਰੋਧੀ ਸ਼ਕਤੀ ਨੂੰ ਵੀ ਬਰਕਰਾਰ ਰੱਖਦੀ ਹੈ, ਕਿਉਂਕਿ ਨਿੰਬੂ ਵਿੱਚ ਵਿਟਾਮਿਨ 'ਸੀ' ਬਹੁਤਾਤ ਵਿੱਚ ਪਾਇਆ ਜਾਂਦਾ ਹੈ । ਇਸ ਵਿੱਚ ਪਾਣੀ ਵਿੱਚ ਨਿੰਬੂ ਚੀਨੀ ਤੋਂ ਇਲਾਵਾ ਜੀਰਾ ਪਾਊਡਰ, ਕਾਲਾ ਤੇ ਸਫ਼ੈਦ ਨਮਕ ਪਾਉ । ਬਸ ਵਧੀਆ ਸ਼ਰਬਤ ਤਿਆਰ ਹੈ । ਜੋ ਚੀਨੀ ਤੋਂ ਪਰਹੇਜ਼ ਕਰਦੇ ਹਨ, ਉਨ੍ਹਾਂ ਲਈ ਬਿਨਾਂ ਚੀਨੀ ਤੋਂ ਵੀ ਬਣਾਇਆ ਜਾ ਸਕਦਾ ਹੈ ।



### ਜਲਜੀਰਾ ਬਣਾਉ ਤਾਜ਼ਾ-ਤਾਜ਼ਾ

ਇਹ ਥੋੜ੍ਹੀ ਇਮਲੀ ਦਾ ਜੂਸ, ਪੁਦੀਨਾ, ਨਿੰਬੂ ਦਾ ਰਸ ਤੇ ਥੋੜ੍ਹੇ ਮਸਾਲੇ ਪਾ ਕੇ ਬਣਾਇਆ ਜਾਂਦਾ ਹੈ । ਇਹ ਸਵਾਦੀ ਹੀ ਨਹੀਂ, ਸਗੋਂ ਹਾਜ਼ਮਾ ਕਿਰਿਆ



ਨੂੰ ਵੀ ਠੀਕ ਰੱਖਣ ਦਾ ਗੁਣ ਰੱਖਦਾ ਹੈ ।

### ਗ੍ਰੀਨ ਟੀ

ਹਰਬਲ ਟੀ ਵੀ ਚਾਹ ਦੀ ਤਲਬ ਵਾਲਿਆਂ ਲਈ ਜ਼ਰੂਰੀ ਹੁੰਦੀ ਹੈ । ਜ਼ਿਆਦਾ ਚਾਹ ਸਰੀਰ ਨੂੰ ਨੁਕਸਾਨ ਪਹੁੰਚਾ ਸਕਦੀ ਹੈ । ਪਰ ਜੇਕਰ ਪੀਣੀ ਹੋਵੇ ਜਾਂ ਪਿਲਾਉਣੀ ਹੋਵੇ ਤਾਂ ਬਸ ਬਾਜ਼ਾਰ ਤੋਂ ਹਰਬਲ ਟੀ ਦੀ ਵਰਾਇਟੀ ਲੈ ਆਉ । ਬਿਨਾਂ ਦੁੱਧ ਦੇ ਸਟ੍ਰਾਂਗ ਚਾਹ ਬਣਾਉ । ਗਿਲਾਸ ਵਿੱਚ ਕੁੱਟ ਕੇ ਬਰਫ਼ ਪਾਉ ਅਤੇ ਥੋੜ੍ਹੇ ਜਿਹੇ ਪੁਦੀਨੇ ਦੇ ਪੱਤੇ ਤੇ ਨਿੰਬੂ ਦਾ ਰਸ ਅਤੇ ਚਾਹ ਪਾ ਕੇ ਪੀਉ । ਚੀਨੀ ਮਨ੍ਹਾਂ ਹੋਵੇ ਤਾਂ ਉਸ ਤੋਂ ਬਿਨਾਂ ਹੀ ਪੀਉ ਜਾਂ ਥੋੜ੍ਹੀ ਜਿਹੀ ਮਿਸ਼ਰੀ ਦਾ ਪਾਊਡਰ ਪਾ ਲਉ ।

ਗਰਮੀਆਂ ਵਿੱਚ ਜੌਂ, ਛੋਲੇ ਦਾ ਸੱਤੂ ਗਰਮੀ ਵਿੱਚ ਬਹੁਤ ਬਚਾਅ ਕਰਦਾ ਹੈ । ਬਸ ਇਕ ਗਿਲਾਸ ਪਾਣੀ ਵਿੱਚ ਥੋੜ੍ਹੀ ਚੀਨੀ ਦਾ ਸਿਰਪ, ਸੱਤੂ, ਨਿੰਬੂ ਦਾ ਰਸ ਤੇ ਪਾਣੀ ਮਿਲਾਉ ਅਤੇ ਪੀ ਲਉ । ਇਹ ਗੈਸ ਵੀ ਦੂਰ ਕਰਦਾ ਹੈ ਅਤੇ ਸਰੀਰ ਨੂੰ ਗਰਮੀ ਤੋਂ ਛੁਟਕਾਰਾ ਮਿਲਦਾ ਹੈ ।

### ਭੂਮੀ ਸਿਹਤ ਸੰਭਾਲ ਦੀ ਕੁੰਜੀ

# ਮਿੱਟੀ ਅਤੇ ਪਾਣੀ ਦੀ ਪਰਖ



★ ਫਸਲਾਂ ਦੇ ਚੰਗੇ ਝਾੜ ਵਿੱਚ ਖਾਦਾਂ ਦੀ ਅਹਿਮ ਭੂਮਿਕਾ ਹੈ ਪਰ ਇਨ੍ਹਾਂ ਦੀ ਵਰਤੋਂ ਬੜੇ ਸੰਜਮ ਨਾਲ ਅਤੇ ਫਸਲ ਦੀ ਜ਼ਰੂਰਤ ਮੁਤਾਬਿਕ ਕੀਤੀ ਜਾਣੀ ਚਾਹੀਦੀ ਹੈ।

★ ਮਿੱਟੀ ਪਰਖ ਕਰਵਾਉਣ ਤੇ ਸਾਨੂੰ ਜ਼ਮੀਨ ਵਿੱਚ ਉਪਲਬਧ ਜੀਵਕ ਕਾਰਬਨ ਅਤੇ ਮੌਜੂਦ ਤੱਤਾਂ ਦੇ ਨਾਲ-ਨਾਲ ਜ਼ਮੀਨ ਦੇ ਤੇਜ਼ਾਬੀਪਣ/ਖਾਰੇਪਣ ਅਤੇ ਲੂਣਾਂ ਦੀ ਮਾਤਰਾ ਬਾਰੇ ਦੀ ਪਤਾ ਲੱਗਦਾ ਹੈ।

ਕੁਲਦੀਪ ਸਿੰਘ, ਰੂਪਇੰਦਰ ਸਿੰਘ ਗਿੱਲ ਅਤੇ ਰਾਜਨ ਭੱਟ,
ਭੂਮੀ ਵਿਗਿਆਨ ਵਿਭਾਗ, ਪੀ.ਏ.ਯੂ., ਲੁਧਿਆਣਾ

ਫਸਲਾਂ ਦੇ ਵਿਕਾਸ ਲਈ ਅਤੇ ਚੰਗੇ ਝਾੜ ਲਈ 17 ਜ਼ਰੂਰੀ ਖੁਰਾਕੀ ਤੱਤਾਂ ਦੀ ਲੋੜ ਹੁੰਦੀ ਹੈ। ਇਹਨਾਂ ਵਿੱਚੋਂ ਕਾਰਬਨ, ਹਾਈਡਰੋਜਨ ਅਤੇ ਆਕਸੀਜਨ ਹਵਾ ਅਤੇ ਪਾਣੀ ਤੋਂ ਮਿਲਦੇ ਹਨ। ਬਾਕੀ ਦੇ 14 ਤੱਤ ਮਿੱਟੀ ਤੋਂ ਲਏ ਜਾਂਦੇ ਹਨ। ਨਾਈਟ੍ਰੋਜਨ, ਫਾਸਫੋਰਸ, ਮੈਗਨੀਸ਼ੀਅਮ ਅਤੇ ਗੰਧਕ ਨੂੰ ਮੁੱਖ ਤੱਤਾਂ ਵਜੋਂ ਜਾਣਿਆ ਜਾਂਦਾ ਹੈ, ਜਦੋਂ ਕਿ ਲੋਹਾ, ਮੈਗਨੀਜ਼, ਜ਼ਿੰਕ, ਤਾਂਬਾ, ਮੋਲੀਬਡੇਨਮ, ਬੋਰੋਨ, ਕਲੋਰੀਨ ਅਤੇ ਕੋਬਾਲਟ ਤੱਤਾਂ ਨੂੰ ਸੂਖਮ ਤੱਤਾਂ ਦਾ ਦਰਜਾ ਦਿੱਤਾ ਗਿਆ ਹੈ। ਭਾਵੇਂ ਕਿ ਸੂਖਮ ਤੱਤਾਂ ਦੀ ਲੋੜ ਮੁੱਖ ਤੱਤਾਂ ਨਾਲੋਂ ਘੱਟ ਹੁੰਦੀ ਹੈ ਪਰ ਫਸਲਾਂ ਦੇ ਸਹੀ ਵਿਕਾਸ ਉੱਤੇ ਚੰਗੇ ਝਾੜ ਲਈ ਇਹਨਾਂ ਦੀ ਭੂਮਿਕਾ ਮੁੱਖ ਤੱਤਾਂ ਨਾਲੋਂ ਘੱਟ ਨਹੀਂ ਹੈ। ਫਸਲਾਂ ਦੇ ਚੰਗੇ ਝਾੜ ਵਿੱਚ ਖਾਦਾਂ ਦੀ ਅਹਿਮ ਭੂਮਿਕਾ ਹੈ ਪਰ ਇਨ੍ਹਾਂ ਦੀ ਵਰਤੋਂ ਬੜੇ ਸੰਜਮ ਨਾਲ ਅਤੇ ਫਸਲ ਦੀ ਜ਼ਰੂਰਤ ਮੁਤਾਬਿਕ ਕੀਤੀ ਜਾਣੀ ਚਾਹੀਦੀ ਹੈ। ਖਾਦਾਂ ਦੀ ਬੇਲੋੜੀ ਵਰਤੋਂ ਨਾਲ ਖੇਤੀ ਖਰਚ ਵਧਦਾ ਹੈ, ਅਤੇ ਵਾਤਾਵਰਣ ਦੇ ਪ੍ਰਦੂਸ਼ਿਤ ਹੋਣ ਦਾ ਖਤਰਾ ਵੀ ਬਣਿਆ ਰਹਿੰਦਾ ਹੈ। ਇਸ ਲਈ ਜ਼ਰੂਰਤ ਹੈ ਕਿ ਖਾਦਾਂ ਦੀ ਲੋੜ ਅਨੁਸਾਰ ਵਰਤੋਂ ਕਰਕੇ ਖੇਤੀ ਖਰਚਿਆਂ ਨੂੰ ਘਟਾ ਕੇ ਅਤੇ ਵਾਤਾਵਰਣ ਨੂੰ ਸੁਰੱਖਿਅਤ ਰੱਖਦੇ ਹੋਏ ਫਸਲਾਂ ਤੋਂ ਚੰਗਾ ਝਾੜ ਲੈ ਸਕੀਏ। ਮਿੱਟੀ ਪਰਖ ਜ਼ਮੀਨ ਦੀ ਸਿਹਤ ਮਾਪਣ ਦਾ ਇੱਕ ਮਹੱਤਵਪੂਰਨ ਪੈਮਾਨ ਹੈ ਜੋ ਸਾਨੂੰ ਖੁਰਾਕੀ ਤੱਤਾਂ ਦੀ ਲੋੜੀਂਦੀ ਅਤੇ ਸੰਤੁਲਿਤ ਵਰਤੋਂ ਬਾਰੇ ਜਾਣਕਾਰੀ ਦਿੰਦਾ ਹੈ।

ਮਿੱਟੀ ਪਰਖ ਕਰਵਾਉਣ ਤੇ ਸਾਨੂੰ ਜ਼ਮੀਨ ਵਿੱਚ ਉਪਲਬਧ ਜੀਵਕ ਕਾਰਬਨ ਅਤੇ ਮੌਜੂਦ ਤੱਤਾਂ ਦੇ ਨਾਲ-ਨਾਲ ਜ਼ਮੀਨ ਦੇ ਤੇਜ਼ਾਬੀਪਣ/ਖਾਰੇਪਣ ਅਤੇ ਲੂਣਾਂ ਦੀ ਮਾਤਰਾ ਬਾਰੇ ਵੀ ਪਤਾ ਲਗਦਾ ਹੈ (ਸਾਰਣੀ-1)। ਮਿੱਟੀ ਪਰਖ ਬਾਅਦ ਖੁਰਾਕੀ ਤੱਤਾਂ ਦੇ ਆਧਾਰ ਤੇ ਜ਼ਮੀਨ ਨੂੰ ਘੱਟ, ਦਰਮਿਆਨੀ ਅਤੇ ਜ਼ਿਆਦਾ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ (ਸਾਰਣੀ-2)। ਫਸਲ ਅਤੇ ਫਸਲੀ ਚੱਕਰ ਦੇ ਆਧਾਰ ਤੇ ਹਰ ਸ਼੍ਰੇਣੀ ਲਈ ਖਾਦਾਂ ਦੀਆਂ ਸਿਫਾਰਿਸ਼ਾਂ ਕੀਤੀਆਂ ਜਾਂਦੀਆਂ ਹਨ।

| ਸਾਰਣੀ-1 : ਭੂਮੀ ਪਰਖ ਲਈ ਖਾਰੀ ਅੰਗ ਅਤੇ ਨਮਕੀਨ ਪਦਾਰਥ ਦੀਆਂ ਨਿਰਧਾਰਿਤ ਹੱਦਾਂ | | | | | |
|---|---|---|---|---|---|
| ਖਾਰੀ ਅੰਗ | | | ਨਮਕੀਨ ਪਦਾਰਥ | | |
| ਨਿਰਧਾਰਤ ਹੱਦਾਂ | ਸ਼੍ਰੇਣੀ | ਸਿਫਾਰਸ਼ | ਨਿਰਧਾਰਤ ਹੱਦਾਂ | ਸ਼੍ਰੇਣੀ | ਸਿਫਾਰਸ਼ |
| 6.5-8.7 | ਠੀਕ | ---- | ≤ 0.8 | ਠੀਕ | ---- |
| 8.7-9.3 | ਖਾਰਾ | ਰੂੜੀ/ਹਰੀ ਖਾਦ ਆਦਿ ਦੀ ਵਰਤੋ ਕਰੋ | > 0.8 | ਚਿੱਟਾ ਕੱਲਰ | ਚੰਗੇ/ਨਹਿਰੀ ਪਾਣੀ ਦੀ ਵਰਤੋਂ ਕਰਕੇ ਠੀਕ ਕਰੋ |
| > 9.3 | ਕੱਲਰ ਵਾਲਾ | ਸਿਫਾਰਸ਼ ਅਨੁਸਾਰ ਜਿਪਸਮ ਦੀ ਵਰਤੋਂ | | | |

**ਛੋਟੇ ਤੱਤ :** ਵੱਡੇ ਤੱਤਾਂ ਦੇ ਨਾਲ-ਨਾਲ ਛੋਟੇ ਤੱਤਾਂ ਦੀ ਘਾਟ ਵੀ ਪੰਜਾਬ ਦੀਆਂ ਜ਼ਮੀਨਾਂ ਵਿੱਚ ਮਿਲਦੀ ਹੈ। ਆਮ ਤੌਰ ਤੇ ਫਸਲਾਂ ਉਪਰ ਜ਼ਿੰਕ, ਮੈਂਗਨੀਜ਼ ਅਤੇ ਲੋਹੇ ਦੀ ਘਾਟ ਦੀਆਂ ਨਿਸ਼ਾਨੀਆਂ ਮਿਲ ਜਾਂਦੀਆਂ ਹਨ, ਇਸ ਲਈ ਵੱਡੇ ਤੱਤਾਂ ਦੇ ਨਾਲ-ਨਾਲ ਤੱਤਾਂ ਦੀ ਪਰਖ ਵੀ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ। ਮਿੱਟੀ ਦੀ ਪਰਖ ਵੀ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ। ਮਿੱਟੀ ਦੀ ਪਰਖ ਅਨੁਸਾਰ ਜੇਕਰ ਜ਼ਿੰਕ-0.6, ਲੋਹਾ-4.5, ਮੈਂਗਨੀਜ਼-3.5 ਅਤੇ ਤਾਂਬਾ-0.2 ਕਿਲੋਗ੍ਰਾਮ/ਏਕੜ ਤੋਂ ਘੱਟ ਹੈ ਤਾਂ ਫਸਲ ਉੱਪਰ ਇਹਨਾਂ ਤੱਤਾਂ ਦੀ ਘਾਟ ਕਰਕੇ ਝਾੜ ਘਟੇਗਾ।

**ਮਿੱਟੀ ਪਰਖ ਕਰਵਾਉਣ ਲਈ ਅਦਾਰੇ :** ਪੰਜਾਬ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, ਖੇਤੀਬਾੜੀ ਵਿਭਾਗ, ਪੰਜਾਬ, ਇਫਕੋ, ਕਰਿਭਕੋ ਆਦਿ ਅਦਾਰੇ ਕਿਸਾਨਾਂ ਲਈ ਮਿੱਟੀ ਪਰਖ ਦੀ ਸੁਵਿਧਾ ਦਿੰਦੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਕੈਂਪਸ ਵਿਖੇ, ਖੇਤਰੀ ਖੋਜ ਕੇਂਦਰ ਬਠਿੰਡਾ ਅਤੇ ਗੁਰਦਾਸਪੁਰ ਵਿਖੇ ਅਤੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿਖੇ ਮਿੱਟੀ ਅਤੇ ਪਾਣੀ ਪਰਖ ਕਿਸਾਨ ਵੀਰ ਕਰਵਾ ਸਕਦੇ ਹਨ।

**ਮਿੱਟੀ ਦਾ ਨਮੂਨਾ ਲੈਣਾ :** ਮਿੱਟੀ ਅਤੇ ਪਾਣੀ ਪਰਖ ਲਈ ਪਹਿਲਾਂ ਇਹ ਜ਼ਰੂਰੀ ਹੈ ਕਿ ਇਹਨਾਂ ਦਾ ਨਮੂਨਾ ਸਹੀ ਢੰਗ ਨਾਲ ਲਿਆ ਜਾਵੇ ਤਾਂ ਜੋ ਸਹੀ ਰਿਪੋਰਟ ਪ੍ਰਾਪਤ ਕੀਤੀ ਜਾ ਸਕੇ।

**ਫਸਲਾਂ ਲਈ ਖਾਦਾਂ ਦੀ ਸਿਫਾਰਸ਼ ਲਈ :** ਧਰਤੀ ਦੀ ਸਤਾ ਤੋਂ ਘਾਹ-ਫੂਸ ਹਟਾਉਣ ਤੋਂ ਬਾਅਦ ਖੁਰਪੇ ਜਾਂ ਕਹੀ ਨਾਲ ਅੰਗਰੇਜ਼ੀ ਦੇ ਅੱਖਰ 'V' ਵਾਂਗ ਛੇ-ਇੰਚ ਡੂੰਘਾ ਟੱਕ ਲਗਾਓ। ਇਸ ਟੱਕ ਦੇ ਇੱਕ ਪਾਸਿਉਂ ਲਗਭਗ ਇੱਕ ਇੰਚ ਮੋਟੀ ਤਹਿ ਉਤਾਰ ਲਉ। ਜੇ ਖੇਤ ਇਕੋ ਜਿਹਾ ਹੋਵੇ ਤਾਂ ਇੱਕ ਖੇਤ ਵਿੱਚੋਂ 7 ਤੋਂ 8 ਥਾਵਾਂ ਤੋਂ ਇਸ ਤਰ੍ਹਾਂ ਮਿੱਟੀ ਦਾ ਨਮੂਨਾ ਲਉ। ਇਸ ਮਿੱਟੀ ਨੂੰ ਸਾਫ ਬਾਲਟੀ, ਤਸਲੇ ਜਾਂ ਕੱਪੜੇ ਤੇ ਚੰਗੀ ਤਰ੍ਹਾਂ ਮਿਲਾ ਲਉ। ਇਸ ਵਿੱਚੋਂ ਲਗਭਗ ਅੱਧਾ ਕਿੱਲੋ ਮਿੱਟੀ ਲੈ ਕੇ ਸਾਫ ਕੱਪੜੇ ਦੀ ਥੈਲੀ ਵਿੱਚ ਪਾ ਲਓ ਅਤੇ ਖੇਤ ਨੰਬਰ, ਕਿਸਾਨ ਦਾ ਨਾਮ, ਪਤਾ ਅਤੇ ਮਿਤੀ ਦਰਜ ਕਰ ਦਿਉ। ਆਮ ਹਾਲਤਾਂ ਵਿੱਚ ਮਿੱਟੀ ਦੇ ਨਮੂਨੇ ਫਸਲ ਵੱਢਣ ਤੋਂ ਬਾਅਦ ਖਾਲੀ ਖੇਤਾਂ ਵਿੱਚੋਂ ਲਉ। ਝੋਨੇ ਤੋਂ ਬਿਨਾਂ ਬਾਕੀ ਫਸਲਾਂ ਵਿੱਚ ਮਿੱਟੀ ਦੇ ਨਮੂਨੇ ਖੜੀ ਫਸਲ ਦੀਆਂ ਕਤਾਰਾਂ ਵਿਚਕਾਰਲੀ ਜਗ੍ਹਾ ਤੋਂ ਵੀ ਲਏ ਜਾ ਸਕਦੇ ਹਨ।

**ਕੱਲਰ ਸੁਧਾਰ ਲਈ :** ਇਹ ਨਮੂਨਾ ਲੈਣ ਲਈ ਖੇਤ ਵਿੱਚ ਤਿੰਨ ਫੁੱਟ ਡੂੰਘਾ ਟੋਆ ਪੁੱਟ ਲਉ ਜਿਸਦਾ ਇੱਕ ਪਾਸਾ ਸਿੱਧਾ ਖੜਾ ਹੋਵੇ ਤੇ ਦੂਜਾ ਪਾਸਾ ਤਿਰਛਾ ਹੋਵੇ। ਸਿੱਧੇ ਖੜ੍ਹੇ ਪਾਸਿਉਂ ਖੁਰਪੇ ਨਾਲ 0-1/2, 1/2-1, 1-2 ਅਤੇ 2-3 ਫੁੱਟ ਪਰਤਾਂ ਵਿੱਚੋਂ ਇੱਕ ਇੰਚ ਮੋਟੀ ਮਿੱਟੀ ਦੀ ਤਹਿ ਅਲੱਗ ਲਉ। ਇਹਨਾਂ ਮਿੱਟੀ ਦੇ ਨਮੂਨਿਆਂ ਨੂੰ ਅਲੱਗ-ਅਲੱਗ ਸਾਫ ਕੱਪੜੇ ਦੀਆਂ ਥੈਲੀਆਂ ਵਿੱਚ ਪਾ ਕੇ ਖੇਤ ਨੰਬਰ, ਡੂੰਘਾਈ, ਕਿਸਾਨ ਦਾ ਨਾਮ, ਪਤਾ ਅਤੇ ਮਿਤੀ ਆਦਿ ਦਰਜ ਕਰ ਦਿਉ।

**ਬਾਗ ਲਗਾਉਣ ਲਈ :** ਇਹ ਨਮੂਨਾ ਲੈਣ ਲਈ ਖੇਤ ਵਿੱਚ 6 ਫੁੱਟ ਡੂੰਘਾ ਟੋਆ ਪੁੱਟ ਲਉ, ਜਿਸਦਾ ਇੱਕ ਪਾਸਾ ਸਿੱਧਾ ਖੜਾ ਹੋਵੇ ਅਤੇ ਦੂਜਾ ਤਿਰਛਾ ਹੋਵੇ। ਸਿੱਧੇ ਖੜੇ ਪਾਸਿਉਂ ਖੁਰਪੇ ਨਾਲ 0-1/2, 1/2-1, 1-2, 2-3, 3-4, 4-5 ਅਤੇ 5-6 ਫੁੱਟ ਪਰਤਾਂ ਵਿੱਚੋਂ ਇੱਕਸਾਰ ਇੱਕ ਇੰਚ ਮੋਟੀ ਮਿੱਟੀ ਦੀ ਤਹਿ ਅਲੱਗ-ਅਲੱਗ ਲਉ। ਇਹਨਾਂ ਮਿੱਟੀ ਦੇ ਨਮੂਨਿਆਂ ਨੂੰ ਅਲੱਗ-ਅਲੱਗ ਸਾਫ ਕੱਪੜੇ ਦੀਆਂ ਥੈਲੀਆਂ ਵਿੱਚ ਪਾ ਕੇ ਖੇਤ ਨੰਬਰ, ਡੂੰਘਾਈ, ਕਿਸਾਨ ਦਾ ਨਾਮ, ਪਤਾ ਅਤੇ ਮਿਤੀ ਆਦਿ ਦਰਜ ਕਰ ਦਿਉ। ਜੇ ਕੋਈ ਰੋੜਾਂ ਦੀ ਤਹਿ ਹੋਵੇ ਤਾਂ ਉਸਦਾ ਅਲੱਗ ਨਮੂਨਾਂ ਲਉ ਅਤੇ ਉਸ ਤਹਿ ਦੀ ਡੂੰਘਾਈ ਅਤੇ ਮੋਟਾਈ ਦਰਜ ਕਰ ਦਿਉ। ਜੇ ਮਿੱਟੀ ਦੇ ਨਮੂਨੇ ਗਿੱਲੇ ਹੋਣ ਤਾਂ ਕੱਪੜੇ ਦੀਆਂ ਥੈਲੀਆਂ ਵਿੱਚ ਪਾਉਣ ਤੋਂ ਪਹਿਲਾਂ ਸੁਕਾ ਲਉ।

**ਪਾਣੀ ਦਾ ਮਿਆਰ :** ਪੰਜਾਬ ਵਿੱਚ ਧਰਤੀ ਹੇਠਲੇ ਤਕਰੀਬਨ 42% ਪਾਣੀ ਮਾੜੇ ਹਨ। ਇਹਨਾਂ ਦੀ ਵਰਤੋਂ ਫਸਲਾਂ ਅਤੇ ਜ਼ਮੀਨ ਦੀ ਸਿਹਤ ਲਈ ਨੁਕਸਾਨ-ਦਾਇਕ ਹੋ ਸਕਦਾ ਹੈ ਪਰ ਜੇਕਰ ਪਾਣੀ ਟੈਸਟ ਕਰਵਾ ਲਈਏ ਤਾਂ ਕੁੱਝ ਹੱਦ ਤੱਕ ਸਿੰਚਾਈ ਲਈ ਵਰਤਿਆ ਜਾ ਸਕਦਾ ਹੈ। ਆਮ ਤੌਰ ਤੇ ਮਾੜੇ ਪਾਣੀਆਂ ਵਿੱਚ ਲੂਣਾਂ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਜਾਂ ਸੋਡੀਅਮ ਵਾਲੇ ਲੂਣ ਜ਼ਿਆਦਾ ਹੁੰਦੇ ਹਨ ਜਾਂ ਦੋਵੇਂ ਹੀ ਜ਼ਿਆਦਾ ਹੋ ਸਕਦੇ ਹਨ, ਅਤੇ ਇਹਨਾਂ ਦੇ ਆਧਾਰ ਤੇ ਇਹਨਾਂ ਪਾਣੀਆਂ ਨੂੰ ਲੂਣੇ, ਸੋਡੇ ਵਾਲੇ ਜਾਂ ਲੂਣੇ-ਸੋਡੇ ਵਾਲੇ ਪਾਣੀ ਕਿਹਾ ਜਾਂਦਾ ਹੈ। ਪੰਜਾਬ ਦੇ ਜ਼ਮੀਨੀ ਪਾਣੀਆਂ ਦੀ ਸਮੱਸਿਆ ਜ਼ਿਆਦਾ ਲੂਣ ਹੋਣਾ ਨਹੀ ਬਲਕਿ ਸੋਡੀਅਮ ਵਾਲੇ ਲੂਣ ਜ਼ਿਆਦਾ ਹੋਣਾ ਹੈ। ਇਹਨਾ ਪਾਣੀਆਂ ਦੀ ਸੁਚੱਜੀ ਵਰਤੋਂ ਲਈ ਪਾਣੀ ਦੀ ਗੁਣਵੱਤਾ ਦੀ ਜਾਂਚ ਕਰਨੀ ਬਹੁਤ ਜ਼ਰੂਰੀ ਹੈ। ਇਹਨਾਂ ਪਾਣੀਆਂ ਦੀ ਵਰਤੋਂ ਕਰਨ ਤੋਂ ਪਹਿਲਾਂ ਇਹਨਾਂ ਦੀ ਜਾਂਚ ਪੰਜਾਬ ਵਿੱਚ ਮਿੱਟੀ ਪਰਖ ਪ੍ਰਯੋਗਸ਼ਾਲਾਵਾਂ ਤੋਂ ਕਰਵਾਈ ਜਾ ਸਕਦੀ ਹੈ।



**ਪਾਣੀ ਦਾ ਨਮੂਨਾ ਕਿਵੇਂ ਲਈਏ ? :** ਪਾਣੀ ਦਾ ਨਮੂਨਾ ਲੈਣ ਤਾ ਪਹਿਲਾਂ ਟਿਊਬਵੈਲ 15 ਮਿੰਟ ਲਈ ਚਲਾਉ। ਇੱਕ ਖਾਲੀ ਬੋਤਲ ਲੈ ਕੇ ਉਸਨੂੰ ਟਿਊਬਵੈਲ ਦੇ ਪਾਣੀ ਨਾਲ 2-3 ਵਾਰ ਚੰਗੀ ਤਰ੍ਹਾਂ ਧੋ ਲਉ। ਬੋਤਲ ਸਾਫ ਕਰਨ ਲਈ ਕਿਸੇ ਵੀ ਸਾਬਣ ਜਾਂ ਸਰਫ ਦਾ ਪ੍ਰਯੋਗ ਨਾ ਕਰੋ। ਲਗਭਗ ਅੱਧਾ ਲਿਟਰ ਪਾਣੀ ਲੈ ਕੇ ਬੋਤਲ ਦਾ ਢੱਕਣ ਚੰਗੀ ਤਰ੍ਹਾਂ ਬੰਦ ਕਰ ਦਿਉ ਅਤੇ ਬੋਤਲ ਤੇ ਇੱਕ ਕਾਗਜ਼ ਚਿਪਕਾ ਕੇ ਹੇਠ ਲਿਖੀ ਜਾਣਕਾਰੀ ਲਿਖ ਦਿਓ :

1. ਕਿਸਾਨ ਦਾ ਨਾਮ ਤੇ ਪਤਾ
2. ਟਿਊਬਵੈਲ ਦੀ ਡੂੰਘਾਈ
3. ਜ਼ਮੀਨ ਦੀ ਕਿਸਮ ਜਿਸਦੀ ਸਿੰਚਾਈ ਕਰਨੀ ਹੈ
4. ਜ਼ਮੀਨੀ ਪਾਣੀ ਦੇ ਪੱਧਰ ਦੀ ਡੂੰਘਾਈ
5. ਕਿਹੜੀਆਂ ਫਸਲਾਂ ਉਗਾਈਆਂ ਜਾਣ ਆਦਿ

**ਨਮੂਨੇ ਪਰਖਣ ਲਈ ਦਰਾਂ :** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਮਿੱਟੀ ਦੇ ਨਮੂਨੇ ਪਰਖਣ ਲਈ ਕਿਸਾਨਾਂ ਵਾਸਤੇ ਹੇਠ ਲਿਖੇ ਅਨੁਸਾਰ ਦਰਾਂ ਨਿਰਧਾਰਤ ਕੀਤੀਆਂ ਗਈਆਂ ਹਨ।

1. ਫਸਲਾਂ ਵਿੱਚ ਖਾਦਾਂ ਦੀ ਵਰਤੋਂ ਲਈ ਮਿੱਟੀ ਪਰਖ : 50 ਰੁਪਏ ਪ੍ਰਤੀ ਨਮੂਨਾ
2. ਕੱਲਰ ਸੁਧਾਰ ਲਈ ਮਿੱਟੀ ਪਰਖ : 50 ਰੁਪਏ ਪ੍ਰਤੀ 4 ਨਮੂਨਿਆਂ ਦਾ ਸੈੱਟ
3. ਬਾਗ ਲਗਾਉਣ ਲਈ ਮਿੱਟੀ ਪਰਖ : 100 ਰੁਪਏ ਪ੍ਰਤੀ 7 ਨਮੂਨਿਆਂ ਦਾ ਸੈੱਟ
4. ਲਘੂ ਤੱਤਾਂ ਲਈ ਮਿੱਟੀ ਪਰਖ (ਜ਼ਿੰਕ, ਲੋਹਾ, ਮੈਗਨੀਜ਼ ਅਤੇ ਕਾਪਰ) : 50 ਰੁਪਏ ਪ੍ਰਤੀ ਨਮੂਨਾ
5. ਸਿੰਚਾਈ ਲਈ ਪਾਣੀ ਦੀ ਪਰਖ : 50 ਰੁਪਏ ਪ੍ਰਤੀ ਨਮੂਨਾ

**ਮਿੱਟੀ ਪਰਖ ਦੁਬਾਰਾ ਕਦੋਂ ਕਰਵਾਈਏ ?**

ਮਿੱਟੀ ਪਰਖ ਹਰ ਸਾਲ 3 ਸਾਲਾਂ ਵਿੱਚ ਇਕ ਵਾਰ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ। ਹਲਕੀਆਂ ਰੇਤਲੀਆਂ ਜ਼ਮੀਨਾਂ ਵਿੱਚ ਇਹ ਇਸ ਤੋਂ ਵੀ ਛੇਤੀ ਕਰਵਾ ਲੈਣੀ ਚਾਹੀਦੀ ਹੈ। ਮਿੱਟੀ ਪਰਖ ਸਾਲ ਵਿੱਚ ਕਿਸੇ ਸਮੇਂ ਵੀ ਕਰਵਾਈ ਜਾ ਸਕਦੀ ਹੈ ਅਤੇ ਇਸ ਲਈ ਬਿਜਾਈ ਦਾ ਸਮਾਂ ਉਡੀਕਣ ਦੀ ਲੋੜ ਨਹੀਂ।

| ਸਾਰਣੀ-2 : ਭੂਮੀ ਪਰਖ ਲਈ ਤੱਤਾਂ ਦੀਆਂ ਨਿਰਧਾਰਿਤ ਹੱਦਾਂ | | | |
|---|---|---|---|
| ਜੀਵਕ ਮਾਦਾ (ਪ੍ਰਤੀਸ਼ਤ) | ਮੌਜੂਦ ਤੱਤ (ਕਿਲੋ/ਏ.) | | ਸ਼੍ਰੇਣੀ |
| | ਫਾਸਫੋਰਸ | ਪੋਟਾਸ਼ | |
| < 0.4 | < 5 | < 55 | ਘੱਟ |
| 0.4-0.75 | 5-9 | --- | ਦਰਮਿਆਨਾ |
| < 0.75 | 9-20 | > 55 | ਜ਼ਿਆਦਾ |
| — | >20 | — | ਬਹੁਤ ਜ਼ਿਆਦਾ |

**ਮਿੱਟੀ ਪਰਖ ਦੀ ਰਿਪੋਰਟ ਕਿਵੇਂ ਪ੍ਰਾਪਤ ਕਰੀਏ :** ਕਿਸਾਨ ਵੀਰ ਮਿੱਟੀ ਅਤੇ ਪਾਣੀ ਦੀ ਰਿਪੋਰਟ ਡਾਕ ਰਾਹੀਂ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਇਹ ਰਿਪੋਰਟ ਇੰਟਰਨੈੱਟ ਰਾਹੀਂ www.pausoil.in ਤੇ ਵੀ ਪ੍ਰਾਪਤ ਕਰ ਸਕਦੇ ਹਨ। ਇਸ ਤਰੀਕੇ ਨਾਲ ਰਸੀਦ ਨੰਬਰ ਉੱਪਰ ਦੱਸੇ ਪੋਰਟਲ ਤੇ ਪਾ ਕੇ ਕਿਸਾਨ ਵੀਰ ਆਪਣੇ ਮੋਬਾਇਲ ਫੋਨ ਤੇ ਵੀ ਇਹ ਰਿਪੋਰਟ ਦੇਖ ਸਕਦੇ ਹਨ।

# ਜੇਠ ਨਾ ਜਾਈਂ ਚੰਨਾ, ਲੂੰਆਂ ਲੂੰਹਦੀਆਂ

ਜੇਠ ਮਹੀਨੇ ਤੇਜ਼ ਧੁੱਪ ਅਤੇ ਚਲਦੀਆਂ ਗਰਮ ਲੂੰਆਂ ਕਾਰਨ ਹਰ ਰੁੱਖ ਅਤੇ ਪੂਰੀ ਬਨਸਪਤੀ ਕੁਮਲਾਈ ਲੱਗਦੀ ਹੈ ਪਰ ਦੂਜੇ ਪਾਸੇ ਇਹ ਵੀ ਅਸਲੀਅਤ ਹੈ ਕਿ ਜੇਠ ਮਹੀਨੇ ਅਮਲਤਾਸ ਦੇ ਰੁੱਖਾਂ 'ਤੇ ਜਵਾਨੀ ਆਈ ਹੁੰਦੀ ਹੈ। ਇਨ੍ਹਾਂ ਰੁੱਖਾਂ 'ਤੇ ਖਿੜੇ ਪੀਲੇ-ਪੀਲੇ ਤੇ ਕੇਸਰ ਰੰਗੇ ਫੁੱਲ ਸਭ ਦਾ ਮਨ ਮੋਹ ਲੈਂਦੇ ਹਨ। ਅਮਲਤਾਸ ਦਾ ਰੁੱਖ ਪਹਿਲਾਂ ਪੂਰੇ ਦਾ ਪੂਰਾ ਖਿੜ ਜਾਂਦਾ ਹੈ ਅਤੇ ਫਿਰ ਪੱਤੀ-ਪੱਤੀ ਹੋ ਕੇ ਬਿਖਰ ਜਾਂਦਾ ਹੈ। ਖੁਸ਼ੀਆਂ ਖੇੜਿਆਂ ਵਿਚ ਖੀਵੇ ਹੋ ਕੇ ਬਹਾਰ ਰੁੱਤ ਵਰਗਾ ਆਨੰਦ ਲੈਣਾ ਅਮਲਤਾਸ ਦੇ ਰੁੱਖ ਦੇ ਹਿੱਸੇ ਆਇਆ ਹੈ। ਜਿੱਥੇ ਅਮਲਤਾਸ ਦੇ ਰੁੱਖ ਲੱਗੇ ਹੁੰਦੇ ਹਨ, ਉੱਥੇ ਹਰ ਪਾਸੇ ਕੇਸਰ ਹੀ ਕੇਸਰ ਨਜ਼ਰ ਆਉਂਦਾ ਹੈ।



ਜਗਮੋਹਨ ਸਿੰਘ (ਮੋ. 94638-19174)

ਜੇਠ ਮਹੀਨੇ ਨੂੰ ਅਤਿ ਦੀ ਗਰਮੀ ਹੋਣ ਕਾਰਨ 'ਜਲ ਦਾ ਮਹੀਨਾ' ਵੀ ਕਿਹਾ ਜਾਂਦਾ ਹੈ। ਕੁਝ ਵਿਦਵਾਨਾਂ ਅਨੁਸਾਰ ਜੇਠ ਮਹੀਨੇ ਦੀ ਪੁੰਨਿਆ ਵਾਲੇ ਦਿਨ ਚੰਦਰਮਾ 'ਜੇਠ' ਨਛੱਤਰ ਵਿੱਚ ਹੁੰਦਾ ਹੈ। ਇਸ ਲਈ ਇਸ ਮਹੀਨੇ ਨੂੰ 'ਜੇਠ ਮਹੀਨਾ' ਕਿਹਾ ਜਾਂਦਾ ਹੈ। ਜੇਠ ਮਹੀਨੇ ਦੌਰਾਨ ਹੀ ਗੰਗਾ ਦੁਸਹਿਰਾ ਤੇ ਨਿਰਜਲਾ ਇਕਾਦਸ਼ੀ ਮਨਾਏ ਜਾਂਦੇ ਹਨ। ਇਸ ਮਹੀਨੇ ਪੈਂਦੀ ਕਹਿਰ ਦੀ ਗਰਮੀ ਕਾਰਨ ਹਰ ਪਾਸੇ ਧਰਤੀ ਤਪਦੀ ਹੋਈ ਭੱਠੀ ਬਣ ਜਾਂਦੀ ਹੈ।

ਆਲਮੀ ਤਪਸ਼ ਕਾਰਨ ਹੁਣ ਰੁੱਤਾਂ ਆਪਣਾ ਸਮਾਂ ਬਦਲਦੀਆਂ ਜਾਪ ਰਹੀਆਂ ਹਨ। ਇਸ ਕਾਰਨ ਅੱਜ ਕੱਲ੍ਹ ਕਈ ਵਾਰ ਜੇਠ ਮਹੀਨੇ ਵੀ ਮੀਂਹ ਪੈ ਜਾਂਦਾ ਹੈ। ਇਸ ਮਹੀਨੇ ਵੀ ਹਨੇਰੀਆਂ ਅਤੇ ਝੱਖੜ ਚੱਲ ਪੈਂਦੇ ਹਨ। ਜੇਠ ਮਹੀਨੇ ਨੂੰ ਲੂੰਆਂ ਦਾ ਮਹੀਨਾ ਕਿਹਾ ਜਾਂਦਾ ਹੈ। ਸੱਚਮੁੱਚ ਇਸ ਮਹੀਨੇ ਲੂੰਆਂ ਚੱਲਦੀਆਂ ਹਨ ਅਤੇ ਕਹਿਰ ਦੀ ਗਰਮੀ ਦੌਰਾਨ ਖੂਹਾਂ ਦੇ ਪਾਣੀ ਵੀ ਸੁੱਕ ਜਾਂਦੇ ਹਨ। ਇਸ ਮਹੀਨੇ ਧਰਤੀ ਦੀ ਪੂਰੀ ਤਪਦੀ ਹੋਈ ਭੱਠੀ ਵਰਗੀ ਹੋ ਜਾਂਦੀ ਹੈ। ਧੁੱਪ ਏਨੀ ਤੇਜ਼ ਹੁੰਦੀ ਹੈ ਕਿ ਉਸ ਤੇਜ਼ ਵਿਚ ਹਰ ਚੀਜ਼ ਚੁੰਧਿਆਈ ਜਾਂਦੀ ਹੈ। ਇਵੇਂ ਲੱਗਦਾ ਹੈ ਕਿ ਜਿਵੇਂ ਸੂਰਜ ਵਿੱਚੋਂ ਅੱਗ ਵਰ੍ਹ ਰਹੀ ਹੋਵੇ। ਤਿੱਖੀ ਦੁਪਹਿਰ ਨੂੰ ਫਲਾਹ ਦੇ ਰੁੱਖ ਅਤੇ ਹੋਰ ਰੁੱਖ ਸੀਟੀਆਂ ਮਾਰਦੇ ਜਾਪਦੇ ਹਨ, ਜਿਵੇਂ ਕੋਈ ਵੱਡਾ ਅਜਗਰ ਫੁੰਕਾਰਦਾ ਹੁੰਦਾ ਹੈ। ਗੁਰਬਾਣੀ ਵਿਚ ਵੀ ਜੇਠ ਮਹੀਨੇ ਦਾ ਜ਼ਿਕਰ ਆਉਂਦਾ ਹੈ :-

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥
ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ ॥
ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ॥
ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ॥
ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥
ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥7॥
**(ਬਾਰਹ ਮਾਹਾ ਤੁਖਾਰੀ ਰਾਗੁ ਗੁਰੂ ਨਾਨਕ ਦੇਵ ਜੀ)**

ਹਰਿ ਜੇਠ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥4॥
**(ਬਾਰਹ ਮਾਹਾ ਮਾਂਝ ਰਾਗੁ ਗੁਰੂ ਅਰਜਨ ਦੇਵ ਜੀ)**

ਜੇਠ ਕੇ ਨਾਮਿ ਡਰਉ ਰੇ ॥
**(ਭਗਤ ਕਬੀਰ ਜੀ)**

ਇਸੇ ਤਰ੍ਹਾਂ ਸੂਫੀ ਕਾਵਿ ਅਤੇ ਪੰਜਾਬੀ ਕਾਵਿ ਵਿਚ ਜੇਠ ਮਹੀਨੇ ਦਾ ਜ਼ਿਕਰ ਮਿਲਦਾ ਹੈ :-

ਜੇਠ ਜੇਹੀ ਜੋਹੇ ਅਗਨ ਹੈ ਜਬ ਕੇ ਬਿਛੜੇ ਮੀਤ।
ਸੁਣ ਸੁਣ ਘੁਣ ਘੁਣ ਝੁਰ ਮਰੂੰ ਜੋ ਤੁਮਰੀ ਯੇਹ ਪਰੀਤ।
ਲੂਆਂ ਧੁੱਪਾਂ ਪੌਂਦੀਆਂ ਜੇਠ, ਮਜਲਿਸ ਬਹਿੰਦੀ ਬਾਗਾਂ ਹੇਠ,
ਤੱਤੀ ਠੰਢੀ ਵਗੇ ਪੇਠ, ਦਫਤਰ ਕੱਢ ਪੁਰਾਣੇ ਸੇਠ,
ਮੁਹਰਾ ਖਾਣੀਆਂ।
**(ਬਾਰਾਂਮਾਹ-ਬਾਬਾ ਬੁੱਲ੍ਹੇ ਸ਼ਾਹ)**

ਜੇਠ ਮੀਂਹ ਤੇ ਸਿਆਲ ਨੂੰ ਵਾਉ ਮੰਦੀ,
ਕਣਕ ਮਾਘ ਵਿਚ ਮਨ੍ਹਾਂ ਹਨੇਰੀਆਂ ਨੀ।
ਰੋਵਣ ਵਿਆਹ ਵਿਚ, ਗਾਵਣਾ ਵਿਚ ਸਿਆਪੇ,
ਸਤਰ ਮਜਲਸਾਂ ਕਰਨ ਸੁਖੇਰੀਆਂ ਨੀ।
**(ਵਾਰਿਸ ਸ਼ਾਹ)**

ਜੇਠ ਜਿਗਰ ਦੀ ਰੱਤ ਵਗਾ ਕੇ,
ਲਿਖ ਲਿਖ ਨਾਮੇਂ ਘੱਲੇ ਜੀ।
ਕੀਕਰ ਪਹੁੰਚਾ ਕਦਮਾਂ ਅੰਦਰ,
ਜ਼ਰ ਨਾ ਮੇਰੇ ਪੱਲੇ ਜੀ।
ਖੰਭ ਮਿਲਣ ਜੇ ਕਿਧਰੋਂ ਮੈਨੂੰ,
ਆਵਾਂ ਕਰ ਕੇ ਹੱਲੇ ਜੀ।
ਤੇਰੇ ਬਾਝੋਂ 'ਸ਼ਰਫ' ਬੰਦੀ ਨੂੰ,
ਕੋਈ ਪਾਸਾ ਨਾ ਝੱਲੇ ਜੀ।
**(ਬਾਰਾਂ ਮਾਹ-ਬਾਬੂ ਫੀਰੋਜ਼ਦੀਨ ਸ਼ਰਫ)**

ਚੜ੍ਹ ਪਿਆ ਜੇਠ, ਵੇ ਕੰਤਾ !
ਤਪੀਆਂ ਭੋਆਂ ਤੇ ਵਾਵਾਂ,
ਅੰਦਰ ਧੁਖਦਾ ਵਿਛੋੜੇ
ਸੇਜੇ ਲੁਛ-ਲੁਛ ਰਹੀਆਂ।
**(ਕੰਤ ਮਹੇਲੀ-ਬਾਰਾਂਮਾਹ ਭਾਈ ਵੀਰ ਸਿੰਘ)**

ਜੇਠ ਨਾ ਜਾਈਂ ਚੰਨਾ, ਲੂੰਆਂ ਲੂੰਹਦੀਆਂ
ਹਾੜ ਨਾ ਜਾਈਂ ਚੰਨਾ, ਧੁੱਪਾਂ ਡਾਢੀਆਂ
ਜੇਠ ਘੋੜਾ ਹੇਠ, ਧੁੱਪਾਂ ਪੈਣ ਬਲਾਈਂ।
ਵੇ ਲਾਲ ਦਮਾਂ ਦਿਆ ਲੋਭੀਆ !
ਪਰਦੇਸ ਨਾ ਜਾਈਂ।
ਮੈਂ ਕੱਤਾਂਗੀ ਨਿਕੜਾ ਤੂੰ ਬੈਠਾ ਖਾਈਂ।
ਨਾਰਾਂ ਦੀ ਖੱਟੀ ਨੀ ਗੋਰੀਏ,
ਕੁਝ ਬਰਕਤ ਨਾਹੀਂ।
ਮਰਦਾਂ ਦੀ ਖੱਟੀ ਨੀ ਗੋਰੀਏ,
ਚੂੜੇ ਛਣਕਣ ਬਾਹੀਂ।

ਜੇ ਜੇਠ ਸ਼ਬਦ ਦਾ ਸ਼ਬਦਿਕ ਅਰਥ ਵੇਖੀਏ ਤਾਂ ਜੇਠ ਦਾ ਅਰਥ 'ਵੱਡਾ' ਹੁੰਦਾ ਹੈ। ਇਸੇ ਕਾਰਨ ਵੱਡੇ ਪੁੱਤਰ ਨੂੰ ਜੇਠਾ ਕਿਹਾ ਜਾਂਦਾ ਹੈ। ਨੂੰਹਾਂ ਵਲੋਂ ਆਪਣੇ ਪਤੀ ਦੇ ਵੱਡੇ ਭਰਾ ਨੂੰ ਜੇਠ ਕਿਹਾ ਜਾਂਦਾ ਹੈ। ਨੂੰਹਾਂ ਵਲੋਂ ਸਹੁਰੇ ਵਾਂਗ ਹੀ ਜੇਠ ਸਾਹਮਣੇ ਵੀ ਘੁੰਡ ਕੱਢਣ ਦੀ ਪਰੰਪਰਾ ਸਦੀਆਂ ਪੁਰਾਣੀ ਹੈ। ਪੁਰਾਤਨ ਸਮੇਂ ਵਿਚ ਘਰ ਦੇ ਮੋਢੀ ਨੂੰ ਵੀ ਜੇਠ ਕਿਹਾ ਜਾਂਦਾ ਸੀ। ਘਰ ਦੇ ਮੋਢੀ ਜੇਠ ਕੋਲ ਹੀ ਪੈਸੇ-ਧੇਲੇ ਦਾ ਹਿਸਾਬ ਕਿਤਾਬ ਹੁੰਦਾ ਸੀ ਅਤੇ ਸਾਰੇ ਤਾਲਿਆਂ ਦੀ ਚਾਬੀ ਵੀ ਉਸ ਕੋਲ ਹੁੰਦੀ ਸੀ। ਜੇਠ ਦੇ ਕਿਸੇ ਵੀ ਫੈਸਲੇ ਅੱਗੇ ਪਰਿਵਾਰ ਦਾ ਕੋਈ ਮੈਂਬਰ ਕੁਸਕਦਾ ਨਹੀਂ ਸੀ। ਪੁਰਾਤਨ ਸੁੱਤੀਆਂ ਸਦੀਆਂ ਦੌਰਾਨ ਘਰ ਦੇ ਮੋਢੀ ਨੂੰ ਜੇਠ ਕਿਹਾ ਜਾਂਦਾ ਹੋਣ ਕਰਕੇ ਹੀ ਅੱਜ ਦੇ ਸਮੇਂ ਵਿਚ ਵੀ ਜਠੇਰਿਆਂ ਭਾਵ ਵੱਡ ਵਡੇਰਿਆਂ ਦੀ ਪੂਜਾ ਕੀਤੀ ਜਾਂਦੀ ਹੈ।

ਜੇਠ ਮਹੀਨੇ ਤੇਜ਼ ਧੁੱਪ ਅਤੇ ਚਲਦੀਆਂ ਗਰਮ ਲੂੰਆਂ ਕਾਰਨ ਹਰ ਰੁੱਖ ਅਤੇ ਪੂਰੀ ਬਨਸਪਤੀ ਕੁਮਲਾਈ ਲੱਗਦੀ ਹੈ ਪਰ ਦੂਜੇ ਪਾਸੇ ਇਹ ਵੀ ਅਸਲੀਅਤ ਹੈ ਕਿ ਜੇਠ ਮਹੀਨੇ ਅਮਲਤਾਸ ਦੇ ਰੁੱਖਾਂ 'ਤੇ ਜਵਾਨੀ ਆਈ ਹੁੰਦੀ ਹੈ। ਇਨ੍ਹਾਂ ਰੁੱਖਾਂ 'ਤੇ ਖਿੜੇ ਪੀਲੇ-ਪੀਲੇ ਤੇ ਕੇਸਰ ਰੰਗੇ ਫੁੱਲ ਸਭ ਦਾ ਮਨ ਮੋਹ ਲੈਂਦੇ ਹਨ। ਅਮਲਤਾਸ ਦਾ ਰੁੱਖ ਪਹਿਲਾਂ ਪੂਰੇ ਦਾ ਪੂਰਾ ਖਿੜ ਜਾਂਦਾ ਹੈ ਅਤੇ ਫਿਰ ਪੱਤੀ-ਪੱਤੀ ਹੋ ਕੇ ਬਿਖਰ ਜਾਂਦਾ ਹੈ। ਖੁਸ਼ੀਆਂ ਖੇੜਿਆਂ ਵਿਚ ਖੀਵੇ ਹੋ ਕੇ ਬਹਾਰ ਰੁੱਤ ਵਰਗਾ ਆਨੰਦ ਲੈਣਾ ਅਮਲਤਾਸ ਦੇ ਰੁੱਖ ਦੇ ਹਿੱਸੇ ਆਇਆ ਹੈ। ਜਿੱਥੇ ਅਮਲਤਾਸ ਦੇ ਰੁੱਖ ਲੱਗੇ ਹੁੰਦੇ ਹਨ, ਉੱਥੇ ਹਰ ਪਾਸੇ ਕੇਸਰ ਹੀ ਕੇਸਰ ਨਜ਼ਰ ਆਉਂਦਾ ਹੈ। ਅਮਲਤਾਸ ਵਾਂਗ ਕੇਸੂ ਦੇ ਫੁੱਲ ਵੀ ਜੇਠ ਮਹੀਨੇ ਪੂਰੇ ਜੋਬਨ 'ਚ ਆ ਕੇ ਖਿੜ ਕੇ ਲਾਲ ਸੂਹੇ ਹੋ ਜਾਂਦੇ ਹਨ। ਇਸ ਤੋਂ ਇਲਾਵਾ 'ਗੁਲਮੋਹਰ' ਦੇ ਰੁੱਖਾਂ 'ਤੇ ਵੀ ਜਵਾਨੀ ਆਈ ਹੁੰਦੀ ਹੈ। ਗੁਲਮੋਹਰ ਦੇ ਰੁੱਖਾਂ ਨੂੰ ਲੱਗੇ ਫੁੱਲ ਵੇਖਣ ਵਾਲਿਆਂ ਨੂੰ ਬਹੁਤ ਸੋਹਣੇ ਲੱਗਦੇ ਹਨ।

ਅੱਜ ਕੱਲ੍ਹ ਭਾਵੇਂ ਵੱਡੀ ਗਿਣਤੀ ਲੋਕ ਜੇਠ ਮਹੀਨੇ ਏ. ਸੀ. ਕਮਰਿਆਂ ਵਿਚ ਠੰਢਕ ਮਾਣਦੇ ਹਨ ਪਰ ਜੇਠ ਮਹੀਨੇ ਦੀ ਤਪਦੀ ਦੁਪਹਿਰ ਨੂੰ ਰੁੱਖਾਂ ਦੀ ਠੰਢੀ ਛਾਂ ਹੇਠ ਬੈਠਣ ਦਾ ਨਜ਼ਾਰਾ ਕੁਝ ਵੱਖਰਾ ਹੁੰਦਾ ਹੈ। ਜੇਠ ਮਹੀਨੇ ਨਦੀਆਂ, ਦਰਿਆਵਾਂ, ਨਹਿਰਾਂ, ਕੱਸੀਆਂ, ਰਜਬਾਹਿਆਂ ਅਤੇ ਸੂਇਆਂ ਵਿੱਚ ਤਾਰੀਆਂ ਲਾਉਂਦੇ ਅੱਲੜ੍ਹ ਅਤੇ ਨੌਜਵਾਨ ਗਰਮੀ ਦੇ ਤੇਜ਼ ਤੋਂ ਬਚਣ ਦਾ ਹੀਲਾ ਕਰਦੇ ਨਜ਼ਰ ਆਉਂਦੇ ਹਨ। ਪਿੰਡਾਂ ਦੇ ਸਿਆਣੇ ਲੋਕ ਜੇਠ ਮਹੀਨੇ ਪਾਣੀ ਵਿਚ ਦੇਸੀ ਸ਼ੱਕਰ ਘੋਲ ਕੇ ਸ਼ਰਬਤ ਵਾਗੂ ਪੀਂਦੇ ਹਨ ਤਾਂ ਕਿ ਜੇਠ ਮਹੀਨੇ ਚਲਦੀਆਂ ਗਰਮ ਲੂੰਆਂ ਤੋਂ ਬਚਾਓ ਹੋ ਸਕੇ।

ਜੇਠ ਮਹੀਨੇ ਦੌਰਾਨ ਚਲਦੀਆਂ ਗਰਮ ਲੂੰਆਂ ਦੌਰਾਨ ਹਰ ਇਨਸਾਨ ਨੂੰ ਗੁਲਮੋਹਰ ਅਤੇ ਅਮਲਤਾਸ ਦੇ ਰੁੱਖਾਂ ਵਾਂਗ ਹਰ ਪਾਸੇ ਜੋਬਨ ਰੁੱਤ ਅਤੇ ਕੇਸੂ ਦੇ ਲਾਲ ਸੂਹੇ ਫੁੱਲਾਂ ਵਾਂਗ ਖਿੜਕੇ ਖੁਸ਼ੀਆਂ ਅਤੇ ਖੇੜਿਆਂ ਵਿੱਚ ਜ਼ਿੰਦਗੀ ਬਤੀਤ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ।

**ਇਤਰ ਫੁਲੇਲ ਲਗਾ ਕੇ ਬਾਹਰ ਨਹੀਂ ਨਿਕਲਦੇ ਲੋਕ**

ਜੇਠ ਮਹੀਨੇ ਆਮ ਲੋਕ ਦੁਪਹਿਰ ਸਮੇਂ ਸਿਵਿਆਂ, ਕਬਰਾਂ, ਸ਼ਮਸ਼ਾਨਘਾਟਾਂ, ਸਮਾਧਾਂ ਕੋਲ ਲੰਘਣ ਤੋਂ ਡਰਦੇ ਹਨ। ਆਮ ਲੋਕਾਂ ਵਿਚ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਜੇਠ ਮਹੀਨੇ ਦੀ ਦੁਪਹਿਰ ਵੇਲੇ ਸਿਵਿਆਂ ਵਿਚ ਭੂਤ-ਪ੍ਰੇਤ ਵਿਚਰਦੇ ਹਨ। ਇਸ ਤੋਂ ਇਲਾਵਾ ਲੋਕ ਜੇਠ ਮਹੀਨੇ ਦੀ ਤਿੱਖੀ ਤੇ ਤਪਦੀ ਦੁਪਹਿਰ ਨੂੰ ਸੈਂਟ ਜਾਂ ਇੱਤਰ ਫੁਲੇਲ ਲਗਾ ਕੇ ਬਾਹਰ ਨਹੀਂ ਨਿਕਲਦੇ, ਲੋਕਾਂ ਦਾ ਵਿਸ਼ਵਾਸ ਹੈ ਕਿ ਜੇਠ ਮਹੀਨੇ ਦੀ ਦੁਪਹਿਰ ਨੂੰ ਸਰੀਰ ਉੱਪਰ ਇਤਰ ਸੈਂਟ ਆਦਿ ਲਗਾ ਕੇ ਘਰ ਤੋਂ ਬਾਹਰ ਨਿਕਲਣ ਦੌਰਾਨ ਭੂਤ ਪ੍ਰੇਤ ਚਿੰਬੜ ਜਾਂਦੇ ਹਨ।

# ਐਵੇਂ ਵਿਚਾਰਾਂ ਨੂੰ ਦਾਗਣਾ ਸਮਾਜ ਨੂੰ ਨੁਕਸਾਨ ਪਹੁੰਚਾਉਂਦਾ ਹੈ



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਜਿਵੇਂ ਗੰਧਲਾ ਪਾਣੀ ਦੂਸ਼ਿਤ ਖੁਰਾਕ, ਗੰਧਲੀ ਹਵਾ ਸਰੀਰ ਨੂੰ ਬੀਮਾਰੀਆਂ ਦਾ ਸ਼ਿਕਾਰ ਬਣਾਉਂਦੀ ਹੈ ਅਤੇ ਸਰੀਰ ਮਿੱਟੀ ਦਾ ਰੂਪ ਧਾਰਨ ਕਰ ਜਾਂਦਾ ਹੈ ਗੰਧਲਾ ਭਰਿਆ ਪ੍ਰਦੂਸ਼ਤ ਵਾਤਾਵਰਣ, ਅਜਿਹੀਆਂ ਪ੍ਰਸਥਿਤੀਆਂ ਜੀਵਨ ਨੂੰ ਨੁਕਸਾਨ ਪਹੁੰਚਾਉਣ ਵਿਚ ਕੋਈ ਬਾਕੀ ਕਸਰ ਨਹੀਂ ਛੱਡਦੀ। ਸਭ ਗੰਦੀਆਂ ਦੂਸ਼ਿਤ ਭਰੀਆਂ ਮਾਹੌਲ ਦੀਆਂ ਧਰਾਵਾਂ ਮਨੁੱਖੀ ਜੀਵਨ ਨੂੰ ਨਸ਼ਟ ਕਰਦੀਆਂ ਹਨ। ਸਾਰੇ ਦੂਸ਼ਿਤ ਭਰੀਆਂ, ਵਿਕਾਸਕਾਰੀ ਕਿਰਨਾਂ ਤੇ ਵੱਧ ਖਤਰਨਾਕ ਵਿਚਾਰਾਂ ਦੀ ਬਿਆਨਬਾਜ਼ੀ ਸਾਬਤ ਹੋ ਰਹੀ ਹੈ। ਪਰ ਇਸਨੂੰ ਗੰਭੀਰਤਾ ਨਾਲ ਨਹੀਂ ਲਿਆ ਹੁੰਦਾ ਜਿਸ ਨੂੰ ਨੁਕਸਾਨ ਦਾ ਕਾਰਨ ਬਣ ਸਮਾਜਿਕ ਦਾ ਨਾਸ਼ ਹੁੰਦਾ ਹੈ। ਇਹ ਇਕ ਅਜਿਹੀਆਂ ਘਟੀਆ ਸੋਚ ਜੋ ਸਮਾਜ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਰਹੀ ਹੈ। ਇਹ ਇਕ ਨੈਤਿਕ ਬਿਮਾਰੀ ਨੇ ਸਭ ਨੂੰ ਬਿਮਾਰ ਕਰ ਛੱਡਿਆ ਹੈ। ਇਸ ਦਾ ਇਲਾਜ ਵੇਲੇ ਸਿਰ ਨਾ ਕਰਿਆ ਗਿਆ ਤਾਂ ਇਸ ਨੂੰ ਸਮਾਨ ਨੂੰ ਹੱਦੋਂ ਵੱਧ ਨੁਕਸਾਨ ਕਰਕੇ ਨਸ਼ਟ ਕਰ ਦੇਵੇਗਾ। ਸਮਾਜ ਵਿਚ ਕੌੜਾਪਣ, ਸਵਾਰਥ ਨਾ ਨਜ਼ਰ ਨਕਾਰਮੁਕਤਾ ਅਤੇ ਸਬਰ ਦਾ ਟੁੱਟਣਾ, ਸਿਦਕ ਖਤਮ ਹੋਣ ਵਰਗੀਆਂ ਸਮੱਸਿਆਵਾਂ ਜਨਮ ਲੈਂਦੀਆਂ ਹਨ। ਇਹ ਵਿਚਾਰ ਹੀ ਮਨੁੱਖ ਨੂੰ ਮਹਾਨ ਪੁਰਸ਼ ਬਣਾਉਂਦਾ ਹੈ। ਇਹ ਵਿਚਾਰ ਹੀ ਮਨੁੱਖ ਨੂੰ ਪਤਿਤ ਸਥਿਤੀ ਤੇ ਲੈ ਜਾਂਦੇ ਹਨ। ਇਨਸਾਨਾਂ ਦੀ ਜ਼ਿੰਦਗੀ ਉਸਦੇ ਵਿਚਾਰਾਂ 'ਤੇ ਖੜ੍ਹੀ ਹੈ। ਵਿਚਾਰ ਸਦਕਾ ਉਸਦੀ ਸਥਿਤੀ ਤਹਿ ਹੁੰਦੀ ਹੈ। ਚੰਗੇ ਸਾਰਥਕ ਵਿਚਾਰ ਮਨੁੱਖ ਨੂੰ ਸਤਿਕਾਰ 'ਤੇ ਉਚਾਈਆਂ ਅਤੇ ਲੈ ਜਾਂਦੇ ਹਨ। ਅੱਜ ਇਕੱਠੇ ਪ੍ਰਵਾਰ ਟੁੱਟ ਰਹੇ ਹਨ। ਅੱਜ ਬੱਚਿਆਂ ਲਈ ਮਾਂ ਪਿਓ ਕੋਲ ਸਮਾਂ ਨਹੀਂ ਹੈ। ਪੜ੍ਹਾਈ ਜ਼ੁੰਮੇਵਾਰੀ, ਨੈਤਿਕਤਾ ਦਾ ਕੰਮ ਸਭ ਕੁਝ ਸਕੂਲ ਵਾਲਿਆਂ ਤੇ ਛੱਡਿਆ ਹੈ। ਟੈਲੀਵਿਜ਼ਨ ਹੋਰ ਮਨੋਰੰਜਨ ਦੇ ਸਾਧਨ ਰਾਹੀਂ ਅਸ਼ੁੱਧਤਾ ਵਿਚਾਰਾਂ; ਰੀਸਾਂ ਦੇ ਵਿਚਾਰ, ਅਸਹਿਣਸ਼ੀਲਤਾ ਦਾ ਪ੍ਰਭਾਵ ਸਮਾਜ ਤੇ ਬਹੁਤ ਤੇਜ਼ੀ ਨਾਲ ਪੈ ਰਿਹਾ ਹੈ। ਰਿਸ਼ਤਿਆਂ ਵਿਚ ਤਨਾਅ ਦੀ ਸਥਿਤੀ ਪ੍ਰਦੂਸ਼ਣ ਫੈਲਾ ਰਹੀ ਹੈ। ਪਰ ਸਾਨੂੰ ਅਜਿਹੇ ਵਿਚਾਰਾਂ ਨੂੰ ਖਤਮ ਕਰਕੇ ਸ਼ੁਧ ਤੇ ਸਾਰਥਕ ਵਿਚਾਰ ਇਥੇ ਦਾਗਣੇ ਚਾਹੀਦੇ ਹਨ।



# ਸਫਲ ਮੱਖੀ ਪਾਲਣ ਲਈ ਬਕਸਿਆਂ ਦੀ ਸਾਂਭ-ਸੰਭਾਲ

ਗਾਰਗੀ ਸ਼ਰਮਾ, ਇੰਦਰਪਾਲ ਕੌਰ, ਸੋਨਿਕ ਸ਼ਰਮਾ,
ਡੀ. ਏ. ਵੀ. ਯੂਨੀਵਰਸਿਟੀ, ਜਲੰਧਰ ਮੋਬਾਈਲ : 8968615353

**ਸ਼ਹਿਦ ਦੀਆਂ ਮੱਖੀਆਂ ਛੱਤੇ ਦੇ ਅੰਦਰ ਤਾਪਮਾਨ ਅਤੇ ਨਮੀਂ ਨੂੰ ਨਿਯੰਤ੍ਰਿਤ ਕਰਦੀਆਂ ਹਨ ਤਾਂ ਜੋ ਬੱਚੇ ਪਾਲਣ ਅਤੇ ਭੋਜਨ ਭੰਡਾਰ ਲਈ ਅਨੁਕੂਲ ਮਾਹੌਲ ਬਣਾਇਆ ਜਾ ਸਕੇ । ਉੱਚ ਤਾਪਮਾਨ ਮਧੂਮੱਖੀਆਂ ਦੇ ਬੱਚਿਆਂ ਦੇ ਬੱਚਿਆਂ (ਬਰੂਡ) ਦੇ ਵਿਕਾਸ ਨੂੰ ਪ੍ਰਭਾਵਿਤ ਕਰ ਸਕਦਾ ਹੈ । ਜਦ ਕਿ ਘੱਟ ਤਾਪਮਾਨ ਬਰੂਡ ਪਾਲਣ ਅਤੇ ਸ਼ਹਿਦ ਦੇ ਉਤਪਾਦਨ ਨੂੰ ਹੌਲੀ ਕਰ ਸਕਦਾ ਹੈ । ਇਸੇ ਤਰ੍ਹਾਂ ਉੱਚ ਨਮੀਂ ਦੇ ਪੱਧਰ ਛੱਤੇ ਦੇ ਅੰਦਰ ਉੱਲੀ ਦੇ ਵਿਕਾਸ ਨੂੰ ਵਧਾ ਸਕਦੇ ਹਨ । ਜਦੋਂ ਕਿ ਘੱਟ ਨਮੀ ਡੀਹਾਈਡਰੇਸ਼ਨ ਅਤੇ ਸ਼ਹਿਦ ਬਣਨ ਦੀ ਕਿਰਿਆ ਵਿਚ ਮੁਸ਼ਕਿਲਾਂ ਦਾ ਕਾਰਨ ਬਣ ਸਕਦੀ ਹੈ । ਤਾਪਮਾਨ ਅਤੇ ਨਮੀ ਵਿਚਕਾਰ ਸੰਤੁਲਨ ਬਣਾਈ ਰੱਖਣਾ ਮਧੂ-ਮੱਖੀਆਂ ਦੀ ਕਲੋਨੀ ਦੀ ਸਮੁੱਚੀ ਭਾਲਾਈ ਲਈ ਜ਼ਰੂਰੀ ਹੈ ।**

ਮਧੂ ਮੱਖੀ ਇਕ ਸਮਾਜਿਕ ਕੀਟ ਹੈ ਜੋ ਕਿ ਇਕ ਛੱਤਾ ਬਣਾਕੇ ਕਾਲੋਨੀ ਦੇ ਰੂਪ ਵਿਚ ਰਹਿੰਦੀਆਂ ਹਨ, ਇਸੇ ਲਈ ਛੱਤਾ ਉਹਨਾਂ ਦੇ ਜੀਵਨ ਕਾਲ ਅਤੇ ਸਹੀ ਢੰਗ ਨਾਲ ਕੰਮ ਕਰਨ ਵਿਚ ਇਕ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ । ਅੱਜ ਕੱਲ ਮਧੂਮੱਖੀ ਪਾਲਣ ਇੱਕ ਬਹੁਤ ਹੀ ਮਹੱਤਵਪੂਰਨ ਕਿੱਤਾ ਬਣਦਾ ਜਾ ਰਿਹਾ ਹੈ । Apis Mellifera ਮਧੂਮੱਖੀਆਂ ਪੰਜਾਬ ਵਿਚ ਪਾਲੀਆਂ ਜਾਂਦੀਆਂ ਹਨ ਜੋ ਸਮਾਂਤਰ ਛੱਤੇ ਬਣਾ ਕੇ ਰਹਿੰਦੀਆਂ ਹਨ । ਇਸੇ ਲਈ ਇਹਨਾਂ ਨੂੰ ਨਕਲੀ ਛੱਤੇ ਬਣਾ ਕੇ ਇਕ ਬਕਸੇ ਵਿਚ ਪਾ ਲਿਆ ਜਾਂਦਾ ਹੈ । ਇਕ ਬਕਸੇ ਤੋਂ ਜ਼ਿਆਦਾ ਬਕਸੇ ਬਣਾਉਣ ਲਈ ਫਰੇਮਾਂ ਨੂੰ ਬਕਸੇ ਵਿੱਚੋਂ ਕੱਢ ਕੇ ਨਵੇਂ ਬਕਸੇ ਵਿਚ ਰੱਖਿਆ ਜਾਂਦਾ ਹੈ ਜਿੱਥੇ ਰਹਿ ਕੇ ਉਹ ਆਪਣੀ ਗਿਣਤੀ ਵਧਾ ਸਕਦੀਆਂ ਹਨ ਅਤੇ ਸ਼ਹਿਦ ਬਣਾ ਸਕਦੀਆਂ ਹਨ । L. Langstroth ਦੀ ਖੋਜ ਦੇ ਅਨੁਸਾਰ ਸਫਲ ਮਧੂਮੱਖੀ ਪਾਲਣ ਲਈ ਛੱਤੇ ਦੀ ਸਾਂਭ ਸੰਭਾਲ ਅਤੇ ਸਫਾਈ ਬਹੁਤ ਜ਼ਰੂਰੀ ਹੈ । ਛੱਤੇ ਨੂੰ ਪ੍ਰਤੀ ਸੀਜ਼ਨ ਨਿਰੀਖਣ ਅਤੇ ਸਫਾਈ ਦੀ ਲੋੜ ਹੁੰਦੀ ਹੈ । ਜੇਕਰ ਛੱਤੇ ਦੀ ਸਫਾਈ ਨਾ ਕੀਤੀ ਜਾਵੇ ਤਾਂ ਕੀੜੇ, ਪੰਛੀ ਅਤੇ ਚੂਹਿਆਂ ਦੇ ਹਮਲਿਆਂ 'ਚ ਵਾਧਾ ਹੋ ਸਕਦਾ ਹੈ, ਜਿਸ ਨਾਲ ਛੱਤੇ ਦਾ ਨੁਕਸਾਨ ਹੋ ਜਾਂਦਾ ਹੈ । ਸ਼ਹਿਦ ਦੀ ਮਾਤਰਾ ਘੱਟ ਸਕਦੀ ਹੈ ਅਤੇ ਇਸ ਦੇ ਫਲ ਸਰੂਪ ਆਰਥਿਕ ਨੁਕਸਾਨ ਦਾ ਸੰਕਟ ਬਣਿਆ ਰਹਿੰਦਾ ਹੈ । ਸ਼ਹਿਦ ਦੀਆਂ ਮੱਖੀਆਂ ਦੇ ਨੁਕਸਾਨ ਦੀ ਤੀਬਰਤਾ ਨੂੰ ਬਣਾਉਣ ਲਈ ਛੱਤੇ ਦੇ ਬਾਹਰਲੇ ਅਤੇ ਅੰਦਰਲੇ ਹਿੱਸਿ ਨੂੰ ਸਾਫ ਕਰਨਾ ਜ਼ਰੂਰੀ ਹੈ । ਸ਼ਹਿਦ ਦੀਆਂ ਮੱਖੀ ਦੇ ਛੱਤੇ ਦਾ ਨਿਰੀਖਣ ਤੇ ਸਾਂਭ ਸੰਭਾਲ ਵਿਚ ਕਲੋਨੀ ਦੀ ਸਿਹਤ ਅਤੇ ਉਤਪਾਦਕਤਾ ਨੂੰ ਯਕੀਨੀ ਬਣਾਉਣ ਲਈ ਕਈ ਕਦਮ ਸ਼ਾਮਿਲ ਹੁੰਦੇ ਹਨ ਜੋ ਹੇਠ ਲਿਖੇ ਅਨੁਸਾਰ ਹਨ :



## ਬਕਸੇ ਦੀ ਸਾਂਭ-ਸੰਭਾਲ

ਆਪਣੇ ਬਕਸੇ ਲਈ ਢੁੱਕਵੀਂ ਥਾਂ ਚੁਣਨੀ ਚਾਹੀਦੀ ਹੈ । ਇਹ ਅਜਿਹੀ ਥਾਂ ਤੇ ਹੋਣੇ ਚਾਹੀਦੇ ਹਨ ਜਿੱਥੇ ਸਵੇਰ ਦੀ ਧੁੱਪ, ਦੁਪਹਿਰ ਦੀ ਛਾਂ ਅਤੇ ਤੇਜ਼ ਹਵਾਵਾਂ ਤੋਂ ਸੁਰੱਖਿਆ ਹੋਵੇ । ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਪਾਣੀ ਦਾ ਸ੍ਰੋਤ ਨੇੜੇ ਹੋਵੇ ਅਤੇ ਬਹੁਤ ਸਾਰੇ ਫੁੱਲ ਵਾਲੇ ਬੂਟੇ ਹੋਣ, ਬਕਸੇ ਵਿਚ ਕਿਸੇ ਵੀ ਤਰ੍ਹਾਂ ਦੀ ਟੁੱਟ-ਭੱਜ ਨਹੀਂ ਹੋਣੀ ਚਾਹੀਦੀ ਹੈ ਲੋੜ ਅਨੁਸਾਰ ਖਰਾਬ ਹੋਏ ਹਿੱਸਿਆਂ ਦੀ ਮੁਰੰਮਤ ਕਰਨੀ ਚਾਹੀਦੀ ਹੈ ।

## ਤਾਪਮਾਨ ਅਤੇ ਨਮੀ ਮਧੂ ਮੱਖੀ ਦੇ ਛੱਤੇ ਨੂੰ ਕਿਵੇ ਪ੍ਰਭਾਵਿਤ ਕਰਦਾ ਹੈ ?

ਸ਼ਹਿਦ ਦੀਆਂ ਮੱਖੀਆਂ ਛੱਤੇ ਦੇ ਅੰਦਰ ਤਾਪਮਾਨ ਅਤੇ ਨਮੀਂ ਨੂੰ ਨਿਯੰਤ੍ਰਿਤ ਕਰਦੀਆਂ ਹਨ ਤਾਂ ਜੋ ਬੱਚੇ ਪਾਲਣ ਅਤੇ ਭੋਜਨ ਭੰਡਾਰ ਲਈ ਅਨੁਕੂਲ ਮਾਹੌਲ ਬਣਾਇਆ ਜਾ ਸਕੇ । ਉੱਚ ਤਾਪਮਾਨ ਮਧੂਮੱਖੀਆਂ ਦੇ ਬੱਚਿਆਂ ਦੇ ਬੱਚਿਆਂ (ਬਰੂਡ) ਦੇ ਵਿਕਾਸ ਨੂੰ ਪ੍ਰਭਾਵਿਤ ਕਰ ਸਕਦਾ ਹੈ । ਜਦ ਕਿ ਘੱਟ ਤਾਪਮਾਨ ਬਰੂਡ ਪਾਲਨ ਅਤੇ ਸ਼ਹਿਦ ਦੇ ਉਤਪਾਦਨ ਨੂੰ ਹੌਲੀ ਕਰ ਸਕਦਾ ਹੈ । ਇਸੇ ਤਰ੍ਹਾਂ ਉੱਚ ਨਮੀਂ ਦੇ ਪੱਧਰ ਛੱਤੇ ਦੇ ਅੰਦਰ ਉੱਲੀ ਦੇ ਵਿਕਾਸ ਨੂੰ ਵਧਾ ਸਕਦੇ ਹਨ । ਜਦੋਂ ਕਿ ਘੱਟ ਨਮੀ ਡੀਹਾਈਡਰੇਸ਼ਨ ਅਤੇ ਸ਼ਹਿਦ ਬਣਨ ਦੀ ਕਿਰਿਆ ਵਿਚ ਮੁਸ਼ਕਿਲਾਂ ਦਾ ਕਾਰਨ ਬਣ ਸਕਦੀ ਹੈ । ਤਾਪਮਾਨ ਅਤੇ ਨਮੀ ਵਿਚਕਾਰ ਸੰਤੁਲਨ ਬਣਾਈ ਰੱਖਣਾ ਮਧੂ ਮੱਖੀਆਂ ਦੀ ਕਲੋਨੀ ਦੀ ਸਮੁੱਚੀ ਭਾਲਾਈ ਲਈ ਜ਼ਰੂਰੀ ਹੈ ।

ਇਕ ਮਧੂਮੱਖੀ ਪਾਲਕ ਮਧੂਮੱਖੀ ਲਈ ਸਿਹਤਮੰਦ ਵਾਤਾਵਰਨ ਨੂੰ ਯਕੀਨੀ ਬਣਾਉਣ ਲਈ ਕਈ ਤਰੀਕਿਆਂ ਦੁਆਰਾ ਵਿਚ ਤਾਪਮਾਨ ਅਤੇ ਨਮੀ ਨੂੰ ਬਰਕਰਾਰ ਰੱਖ ਸਕਦਾ ਹੈ, ਜੋ ਉਹਨਾਂ ਦੇ ਬਚਾਅ ਅਤੇ ਉਤਪਾਦਕਤਾ ਲਈ ਮਹੱਤਵਪੂਰਨ ਹੈ, ਜਿਸ ਵਿਚ ਹੇਠ ਲਿਖੇ ਉਪਾਅ ਕੀਤੇ ਜਾ ਸਕਦੇ ਹਨ ।

★ ਇਸ ਲਈ ਸਭ ਤੋਂ ਪਹਿਲਾਂ ਛੱਤੇ ਦੀ ਸਥਿਤੀ ਇਕ ਅਨਿਖੜਵੀ ਭੂਮਿਕਾ ਅਦਾ ਕਰਦੀ ਹੈ । ਚੜ੍ਹਦੇ ਸੂਰਜ ਦੀਆਂ ਕਿਰਨਾਂ ਨੂੰ ਪ੍ਰਾਪਤ ਕਰਨ ਲਈ ਬਕਸੇ ਦੇ ਪ੍ਰਵੇਸ਼ ਦੁਆਰ ਦਾ ਮੂੰਹ ਪੂਰਬ ਜਾਂ ਦੱਖਣ ਪੂਰਬ ਵੱਲ ਹੋਣਾ ਚਾਹੀਦਾ ਹੈ ।

★ ਹਾਈਗ੍ਰੋਮੀਟਰ ਅਤੇ ਥੇਰਮੋਮੀਟਰ ਦੀ ਵਰਤੋਂ ਕਰਦੇ ਹੋਏ ਛੱਤੇ ਦਾ ਤਾਪਮਾਨ ਅਤੇ ਨਮੀ ਦੇ ਪੱਧਰਾਂ ਦੀ ਨਿਯਮਤ ਤੌਰ 'ਤੇ ਨਿਗਰਾਨੀ ਕਰਨ ਨਾਲ ਮਧੂਮੱਖੀ ਪਾਲਕ ਨੂੰ ਸਮੇਂ ਸਿਰ ਕਾਰਵਾਈ ਕਰਨ ਵਿਚ ਮਦਦ ਮਿਲ ਸਕਦੀ ਹੈ । ਇਕ ਮਧੂ ਮੱਖੀ ਦੇ ਛੱਤੇ ਅੰਦਰ ਆਦਰਸ਼ ਤਾਪਮਾਨ ਲਗਭਗ 95°F ਅਤੇ ਨਮੀ ਦਾ ਪੱਧਰ 50-60% ਦੇ ਆਸ-ਪਾਸ ਰੱਖਿਆ ਜਾਣਾ ਚਾਹੀਦਾ ਹੈ ।

ਇਹਨਾਂ ਕਾਰਨਾਂ ਦਾ ਧਿਆਨ ਸਿਰ ਪ੍ਰਬੰਧਨ ਕਰਨ ਨਾਲ ਮਧੂਮੱਖੀ ਪਾਲਕ ਛੱਤੇ ਦੇ ਅੰਦਰ ਇਕ ਸਥਿਰ ਵਾਤਾਵਰਨ ਬਣਾ ਸਕਦੇ ਹਨ ਅਤੇ ਮਧੂਮੱਖੀਆਂ ਦੀ ਵਧਣ ਫੁੱਲਣ ਅਤੇ ਸ਼ਹਿਦ ਪੈਦਾ ਕਰਨ ਦੀ ਸਮਰੱਥਾ ਨੂੰ ਵਧਾ ਸਕਦੇ ਹਨ ।

## ਬਦਲਦੇ ਮੌਸਮ ਦਾ ਪ੍ਰਭਾਵ

★ ਸਰਦੀਆਂ ਦਾ ਮੌਸਮ ਮਧੂਮੱਖੀਆਂ ਲਈ ਚੁਣੌਤੀ ਪੂਰਨ ਹੁੰਦਾ ਹੈ । ਇਸ ਮੌਸਮ ਵਿਚ ਉਹਨਾਂ ਕੋਲ ਰਸ ਅਤੇ ਪਰਾਗ ਦੀ ਕਮੀ ਹੋ ਜਾਂਦੀ ਹੈ । ਇਸ ਮੌਸਮ ਵਿਚ ਮਧੂਮੱਖੀਆਂ ਉਦੋਂ ਤੱਕ ਬਾਹਰ ਨਹੀਂ ਨਿਕਲ ਪਾਉਂਦੀਆਂ ਜਦ ਤੱਕ ਬਾਹਰ ਦਾ ਤਾਪਮਾਨ 15°C ਤੋ ਵੱਧ ਨਾ ਹੋਵੇ । ਇਸ ਮੌਸਮ ਵਿਚ ਉਹ ਆਪਣੇ ਬਕਸਿਆਂ ਤੋਂ ਘੱਟ ਹੀ ਬਾਹਰ ਨਿਕਲਦੀਆਂ ਹਨ ਅਤੇ ਇਕੱਠਾ ਕੀਤਾ ਭੋਜਨ ਹੀ ਖਾਂਦੀਆਂ ਹਨ । ਇਸ ਦੌਰਾਨ ਉਹਨਾਂ ਦੇ ਬਕਸਿਆਂ ਦਾ ਤਾਪਮਾਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ ਇਸ ਲਈ ਬਕਸੇ ਦੇ ਉੱਪਰ ਮੋਟੀ ਬੋਰੀ ਦੇ ਦਿੱਤੀ ਜਾਂਦੀ ਹੈ ਤਾਂ ਜੋ ਅੰਦਰਲਾ ਤਾਪਮਾਨ ਨਿਯੰਤ੍ਰਿਤ ਰਹੇ । ਉਹਨਾਂ ਨੂੰ ਇੰਸੂਲੇਸ਼ਨ ਉਹ ਪਹਿਲੂ ਹੈ ਜਿਸ ਵਿਚ ਛੱਤੇ ਦੇ ਅੰਦਰੂਨੀ ਤਾਪਮਾਨ ਨੂੰ ਕਾਇਮ ਰੱਖਿਆ ਜਾਂਦਾ ਹੈ ਜਿਸ ਨਾਲ ਕਲੋਨੀ ਦੀ ਸਿਹਤ ਅਤੇ ਮਧੂਮੱਖੀਆਂ ਦਾ ਠੰਡ ਤੋਂ ਬਚਾਅ ਕੀਤਾ ਜਾ ਸਕਦਾ ਹੈ । ਇਸ ਦੇ ਨਾਲ-ਨਾਲ ਸਹੀ ਹਵਾਦਾਰ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ ਅਤੇ ਛੱਤੇ ਦੀ ਸਮੇਂ ਤੇ ਨਿਗਰਾਨੀ ਕਰਨਾ ਵੀ ਜ਼ਰੂਰੀ ਹੈ । ਸਰਦੀਆਂ ਦੇ ਮੌਸਮ ਵਿਚ ਜਦ ਮਧੂਮੱਖੀਆਂ ਨੂੰ ਰਸ ਜਾਂ ਪਰਾਗ ਦੀ ਕਮੀ ਹੁੰਦੀ ਹੈ ਤਾਂ ਮਧੂਮੱਖੀ ਪਾਲਕ ਵੱਲੋਂ ਉਹਨਾਂ ਨੂੰ ਖੰਡ ਅਤੇ ਪਾਣੀ ਦਾ ਘੋਲ ਦੇ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਉਹਨਾਂ ਨੂੰ ਬਕਸੇ ਤੋਂ ਬਾਹਰ ਨਾ ਜਾਣਾ ਪਵੇ ।

★ ਗਰਮੀਆਂ ਦੇ ਦਿਨਾਂ ਵਿਚ ਸਾਨੂੰ ਕਲੋਨੀ ਦਾ ਤਾਪਮਾਨ ਲਗਭਗ (93°F) ਤੱਕ ਰੱਖਣਾ ਚਾਹੀਦਾ ਹੈ । ਗਰਮੀਆਂ ਦੇ ਮੌਸਮ ਦੇ ਦੌਰਾਨ ਮਧੂਮੱਖੀਆਂ ਸ਼ਾਇਦ ਇਕੱਠਾ ਕਰਦੀਆਂ ਹਨ ਅਤੇ ਸ਼ਹਿਦ ਨੂੰ ਬਚਾ ਕੇ ਰੱਖਦੀਆਂ ਹਨ ਤਾਂ ਜੋ ਉਹ ਇਸ ਦਾ ਪ੍ਰਯੋਗ ਪੱਤਝੜ ਅਤੇ ਠੰਡੇ ਮੌਸਮ ਵਿਚ ਕਰ ਸਕਣ । ਇਸ ਮੌਸਮ ਵਿਚ ਮਧੂਮੱਖੀ ਪਾਲਕ ਸ਼ਹਿਦ ਕੱਢਦੇ ਹਨ । ਗਰਮੀਆਂ ਦੇ ਮੌਸਮ ਵਿਚ ਕੀੜੀਆਂ ਦਾ ਜ਼ਿਆਦਾ ਖਤਰਾ ਹੁੰਦਾ ਹੈ ਇਸ ਖਤਰੇ ਤੋਂ ਬਚਣ ਲਈ ਬਕਸਿਆਂ ਦੇ ਨੀਚੇ ਪਾਣੀ ਦੀ ਕਟੋਰੀਆਂ ਰੱਖ ਦਿੱਤੀਆਂ ਜਾਂਦੀਆਂ ਹਨ । ਪਾਣੀ ਰੱਖਣ ਦੇ ਉਪਰੋਕਤ ਇਸ ਦੀ ਨਿਗਰਾਨੀ ਕਰਨਾ ਬਹੁਤ ਜ਼ਰੂਰੀ ਹੁੰਦੀ ਹੈ । ਜ਼ਿਆਦਾ ਗਰਮੀ ਦੇ ਮੌਸਮ ਵਿਚ ਫੁੱਲਾਂ ਦਾ ਰਸ ਘੱਟ ਹੋ ਜਾਂਦਾ ਹੈ ਇਸੇ ਲਈ ਮਧੂਮੱਖੀਆਂ ਆਪਣੀ ਕਲੋਨੀ ਦੀ ਰੱਖਿਆ ਲਈ ਕਿਰਿਆਸ਼ੀਲ ਹੋ ਜਾਂਦੀਆਂ ਹਨ ਕਿਉਂਕਿ ਆਕਰਮਕ ਕਲੋਨੀਆਂ ਕਮਜ਼ੋਰ ਕਲੋਨੀਆਂ ਤੇ ਹਾਵੀ ਹੋ ਜਾਂਦੀਆਂ ਹਨ ਅਤੇ ਆਕਰਮਣ ਕਰ ਦਿੰਦੀਆਂ ਹਨ । ਇਸ ਤੋਂ ਬਚਣ ਲਈ ਇਕ ਵਿਸ਼ੇਸ਼ ਸਕਰੀਨ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਸ ਨੂੰ ਬਕਸਿਆਂ ਦੇ ਪ੍ਰਵੇਸ਼ ਦੁਆਰ ਤੇ ਲਗਾਈ ਜਾਂਦੀ ਹੈ । ਇਸ ਸਕਰੀਨ ਨੂੰ 'ਰੌਬਿੰਗ ਸਕਰੀਨ' ਕਿਹਾ ਜਾਂਦਾ ਹੈ । ਇਹ ਸਕਰੀਨ ਆਕਰਮਕ ਮਧੂਮੱਖੀਆਂ ਨੂੰ ਛੱਤੇ ਦੇ ਅੰਦਰ ਪ੍ਰਵੇਸ਼ ਕਰਨ ਤੋਂ ਰੋਕਦੀ ਹੈ । ਇਸ ਸਕਰੀਨ ਦੀ ਥਾਂ ਤੇ ਮਧੂਮੱਖੀ ਪਾਲਕ ਵੱਲੋਂ ਮਿੱਟੀ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ ।

### ਮਧੂਮੱਖੀ ਪਾਲਕ ਵੱਲੋਂ ਮਧੂਮੱਖੀਆਂ ਛੱਤਿਆਂ ਦੀ ਸਾਂਭ ਸੰਭਾਲ ਵੇਲੇ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ

★ ਇੱਕ ਨਿੱਘੇ, ਸ਼ਾਂਤ, ਧੁੱਪ ਵਾਲੇ ਦਿਨ, ਵਿਚ ਛੱਤੇ ਦਾ ਮੁਆਇਨਾ ਕਰਨਾ ਚਾਹੀਦਾ ਹੈ ।

★ ਮਧੂ ਮੱਖੀਆਂ ਤੋਂ ਖੁਦ ਨੂੰ ਰੱਖਿਆ ਕਰਨ ਲਈ ਹਮੇਸ਼ਾ ਸੂਟ, ਦਸਤਾਨੇ ਅਤੇ ਪਰਦਾ ਪਾਉਣਾ ਚਾਹੀਦਾ ਹੈ ।

★ ਫਿਰ ਧੂੰਆਂ ਦੇਣ ਤੋਂ ਬਾਅਦ ਹੌਲੀ ਹੌਲੀ ਢੱਕਣ ਤੋਂ ਹਟਾਉਣਾ ਚਾਹੀਦਾ ਹੈ । ਜਦੋਂ ਮਧੂਮੱਖੀਆਂ ਨੂੰ ਸੁਚੇਤ ਕਰਨ ਲਈ ਅਲਾਰਮ ਰਸਾਇਣ (ਫੇਰੋਮੋਨੇ) ਛੱਡਦੀਆਂ ਹਨ । ਧੂਏ ਦਾ ਪ੍ਰਭਾਵ ਨਾਲ ਮੱਖੀਆਂ ਦੀ ਗਤੀਵਿਧੀ ਘੱਟ ਜਾਂਦੀ ਹੈ ।

★ ਆਪਣੇ ਹਾਈਵ ਟੂਲ ਦੀ ਵਰਤੋਂ ਕਰਕੇ ਪਹਿਲੇ ਫਰੇਮ ਨੂੰ ਚੁੱਕਣਾ ਚਾਹੀਦਾ ਹੈ । ਫਿਰ ਫਰੇਮ ਨੂੰ ਸਿਰੇ ਨਾਲ ਫੜਨਾ ਚਾਹੀਦਾ ਹੈ ਅਤੇ ਬਰੂਡ ਪੈਟਰਨ, ਸ਼ਹਿਦ ਸਟੋਰ, ਪਰਾਗ ਅਤੇ ਰਾਣੀ ਦੀ ਮੌਜੂਦਗੀ ਲਈ ਦੋਵੇਂ ਪਾਸਿਆਂ ਦੀ ਜਾਂਚ ਕਰਨੀ ਚਾਹੀਦੀ ਹੈ ।

★ ਉੱਪਰ ਦਿੱਤੇ ਹੋਏ ਸਾਰੇ ਨਿਵਾਰਨਾਂ ਦਾ ਪ੍ਰਯੋਗ ਕਰਕੇ ਮਧੂਮੱਖੀ ਪਾਲਕ ਛੱਤਿਆਂ ਦੀ ਤੇ ਸ਼ਹਿਰ ਦੀ ਮਾਤਰਾ ਨੂੰ ਵਧਾ ਸਕਦੇ ਹਨ ।

★ ਮੌਸਮ ਦੇ ਬਦਲਾਅ ਦਾ ਸਿੱਧਾ ਅਸਰ ਮਧੂਮੱਖੀਆਂ ਦੀ ਗਤੀਵਿਧੀ ਤੇ ਪੈਂਦਾ ਹੈ । ਇਹ ਗਤੀਵਿਧੀਆਂ ਹੋਣ ਕਾਰਨ ਮਧੂਮੱਖੀ ਪਾਲਕ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਉਪ੍ਰੋਕਤ ਦਿੱਤੇ ਸੁਝਾਵਾਂ ਨੂੰ ਅਪਣਾ ਕੇ ਇਕ ਪਾਲਕ ਨੂੰ ਮਧੂਮੱਖੀ ਦੇ ਬਕਸਿਆਂ ਦੀ ਸਾਂਭ ਸੰਭਾਲ ਅਤੇ ਮਧੂਮੱਖੀਆਂ ਦੀ ਸਿਹਤ ਦਾ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਸ਼ਹਿਦ ਅਤੇ ਹੋਰ ਉਤਪਾਦਾਂ ਦੀ ਮਾਤਰਾ ਨੂੰ ਵਧਾ ਸਕੀਏ ।

# ਸੁੰਡੀ ਅਤੇ ਮੱਖੀ ਰੋਕੂ ਨਵਾਂ ਬੀ.ਟੀ. ਬੀਜ ਦਿੱਤੇ ਬਿਨਾਂ ਸੂਬੇ ਵਿੱਚ ਨਰਮੇ ਹੇਠ ਰਕਬਾ ਵਧਣਾ ਅਸੰਭਵ

★ ਕਿਸਾਨਾਂ ਵਿੱਚ ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਦਾ ਵਧਿਆ ਖੌਫ
★ 2015 ਤੋਂ ਲਗਾਤਾਰ ਹੋ ਰਿਹੈ ਫ਼ਸਲ ਦਾ ਭਾਰੀ ਨੁਕਸਾਨ

ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਰੋਧਕ ਨਵੇਂ ਬੀ. ਟੀ. ਬੀਜ ਦੇਣ ਤੋਂ ਬਿਨਾਂ ਸੂਬੇ ਅੰਦਰ ਨਰਮੇ ਹੇਠ ਰਕਬਾ ਵਧਾਉਣਾ ਸੰਭਵ ਨਜ਼ਰ ਨਹੀਂ ਆ ਰਿਹਾ । ਹਰ ਸਾਲ ਸੂਬੇ ਅੰਦਰ ਲਗਾਤਾਰ ਨਰਮੇ ਹੇਠਲਾ ਰਕਬਾ ਘੱਟ ਕੇ ਝੋਨੇ ਹੇਠ ਜਾ ਰਿਹਾ ਹੈ । ਕਿਸਾਨਾਂ ਅੰਦਰ ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਦਾ ਇੰਨਾ ਖੌਫ ਹੈ ਕਿ ਉਹ ਨਰਮੇ ਦੀ ਫ਼ਸਲ ਬੀਜਣ ਤੋਂ ਗੁਰੇਜ਼ ਕਰਨ ਲੱਗੇ ਹਨ । ਭਾਵੇਂ ਪਿਛਲੇ ਕਾਫੀ ਸਮੇਂ ਤੋਂ ਕਿਸਾਨਾਂ ਨੂੰ ਉਨ੍ਹਾਂ ਦੇ ਚਿੱਟੇ ਸੋਨੇ ਦਾ ਸਹੀ ਮੁੱਲ ਨਹੀਂ ਮਿਲ ਰਿਹਾ ਸੀ, ਪਰ ਇਸ ਦੇ ਬਾਵਜੂਦ ਵੀ ਕਿਸਾਨ ਨਰਮੇ



ਦੀ ਖੇਤੀ ਕਰ ਰਹੇ ਸਨ, ਪਰ ਸਾਲ 2015 ਵਿੱਚ ਚਿੱਟੀ ਮੱਖੀ ਨੇ ਨਰਮੇ ਦੀ ਫ਼ਸਲ ਬਿਲਕੁਲ ਤਬਾਹ ਕਰ ਦਿੱਤੀ ਸੀ । ਇਸ ਤੋਂ ਬਾਅਦ ਲਗਾਤਾਰ ਨਰਮੇ ਹੇਠ ਰਕਬਾ ਘਟਣਾ ਸ਼ੁਰੂ ਹੋ ਗਿਆ । ਸਾਲ 2021 ਵਿੱਚ ਫਿਰ ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਨੇ ਨਰਮੇ ਦੀ ਫ਼ਸਲ ਦਾ ਵੱਡੀ ਪੱਧਰ 'ਤੇ ਨੁਕਸਾਨ ਕੀਤਾ । ਹੁਣ ਹਾਲਾਤ ਇਹ ਹਨ ਕਿ ਇਸ ਜਗ੍ਹਾ ਝੋਨੇ ਦੀ ਫ਼ਸਲ ਨਹੀਂ ਹੋ ਸਕਦੀ, ਉਥੇ ਹੀ ਨਰਮੇ ਦੀ ਬਿਜਾਈ ਕੀਤੀ ਜਾ ਰਹੀ ਹੈ । ਮਾਲਵਾ ਖੇਤਰ ਅੰਦਰ ਲਗਾਤਾਰ ਨਰਮੇ ਹੇਠੋਂ ਰਕਬਾ ਘਟਣ ਕਾਰਨ ਕਰੀਬ 360 ਨਰਮਾ ਮਿੱਲਾਂ ਬੰਦ ਹੋ ਚੁੱਕੀਆਂ ਹਨ । ਸਾਲ 1996 ਵਿੱਚ 7.42 ਲੱਖ ਹੈਕਟੇਅਰ ਰਕਬੇ ਵਿੱਚ ਨਰਮੇ ਦੀ ਬਿਜਾਈ ਹੋਈ ਸੀ, ਜਿਹੜੀ ਹੁਣ ਘੱਟ ਕੇ 96 ਹਜ਼ਾਰ ਹੈਕਟੇਅਰ ਰਕਬੇ ਵਿੱਚ ਰਹਿ ਗਈ ਹੈ । ਇਸ ਵਾਰ ਖੇਤੀਬਾੜੀ ਵਿਭਾਗ ਨੇ ਸੂਬੇ ਅੰਦਰ ਸਵਾ ਲੱਖ ਹੈਕਟੇਅਰ ਰਕਬੇ ਵਿੱਚ ਨਰਮੇ ਦੀ ਬਿਜਾਈ ਦਾ ਟੀਚਾ ਮਿਥਿਆ ਹੈ । ਤਿੰਨ ਦਹਾਕੇ ਪਹਿਲਾਂ ਵੀ ਗੁਲਾਬੀ ਸੁੰਡੀ ਨਰਮੇ ਦੀ ਫ਼ਸਲ ਦਾ ਨੁਕਸਾਨ ਕਰਦੀ ਰਹੀ ਹੈ, ਜਿਸ ਤੋਂ ਬਾਅਦ ਸਾਲ 2002 ਵਿੱਚ ਕਾਂਗਰਸ ਦੀ ਸਰਕਾਰ ਬਣਨ ਬਾਅਦ ਸਰਕਾਰ ਨੇ ਬੀ. ਟੀ. ਬੀਜ ਲਿਆਂਦਾ । ਇਸ ਤੋਂ ਬਾਅਦ ਸਾਲ 2015 ਤੱਕ ਨਰਮੇ ਦੀ ਫ਼ਸਲ ਨੂੰ ਕੋਈ ਜ਼ਿਆਦਾ ਬਿਮਾਰੀ ਨਹੀਂ ਲੱਗੀ, ਪਰ ਇਸ ਤੋਂ ਬਾਅਦ ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਨੇ ਫ਼ਸਲ 'ਤੇ ਹਮਲਾ ਸ਼ੁਰੂ ਕਰ ਦਿੱਤਾ । ਬੀ. ਟੀ. ਕਾਟਨ 2 ਬੀਜ ਆਏ ਨੂੰ ਕਰੀਬ 20 ਸਾਲ ਦਾ ਸਮਾਂ ਹੋ ਗਿਆ ਹੈ, ਪਰ ਇਸ ਤੋਂ ਬਾਅਦ ਬੀ. ਟੀ. ਕਾਟਨ ਦੀ ਅਗਲੀ ਕਿਸਮ ਜਾਰੀ ਨਹੀਂ ਕੀਤੀ ਜਾ ਸਕੀ । ਇਹੀ ਕਾਰਨ ਹੈ ਕਿ 20 ਸਾਲਾਂ ਵਿੱਚ ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਨੇ ਆਪਣੇ ਆਪ ਨੂੰ ਇਸ ਤਰ੍ਹਾਂ ਢਾਲ ਲਿਆ ਹੈ ਕਿ ਹੁਣ ਕੀੜੇਮਾਰ ਦਵਾਈਆਂ ਵੀ ਉਨ੍ਹਾਂ ਦਾ ਖਾਤਮਾ ਕਰਨ ਵਿੱਚ ਅਸਮਰੱਥ ਨਜ਼ਰ ਆ ਰਹੀਆਂ ਹਨ ।

ਕਿਸਾਨਾਂ ਵੱਲੋਂ ਲਗਾਤਾਰ ਨਰਮੇ ਦੀ ਫ਼ਸਲ ਤੋਂ ਮੂੰਹ ਮੋੜ ਲੈਣ ਦੇ ਹੋਰ ਵੀ ਕਈ ਕਾਰਨ ਹਨ । ਜਿੱਥੇ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਦਾ ਕਿਸਾਨਾਂ ਵਿੱਚ ਖੌਫ ਹੈ, ਉੱਥੇ ਹੀ ਜਿੱਥੇ ਝੋਨੇ ਦੀ ਫ਼ਸਲ ਉੱਪਰ ਐਮ. ਐਸ. ਪੀ. ਮਿਲਦੀ, ਕਿਸਾਨਾਂ ਨੂੰ ਝੋਨੇ ਦੀ ਬਿਜਾਈ ਲਈ ਕੋਈ ਜ਼ਿਆਦਾ ਮਿਹਨਤ ਨਹੀਂ ਕਰਨੀ ਪੈਂਦੀ । ਨਰਮਾ ਅਜਿਹੀ ਫ਼ਸਲ ਹੈ, ਜਿਹੜੀ ਕਿ ਬਿਜਾਈ ਤੋਂ ਬਾਅਦ ਚੁਗਾਈ ਤੱਕ ਇਸ 'ਤੇ ਕਿਸਾਨ ਨੂੰ ਨਜ਼ਰ ਬਣਾ ਕੇ ਰੱਖਣੀ ਪੈਂਦੀ ਹੈ । ਇਸ ਤੋਂ ਬਾਅਦ ਨਰਮਾ ਚੁਗਾਈ ਲਈ ਮਜ਼ਦੂਰਾਂ ਦਾ ਪ੍ਰਬੰਧ ਅਤੇ ਅਗਲੀ ਫ਼ਸਲ ਦੀ ਬਿਜਾਈ ਲਈ ਕਾਫ਼ੀ ਮਿਹਨਤ ਕਰਨੀ ਪੈਂਦੀ ਹੈ । ਪਰ ਦੂਜੇ ਪਾਸੇ ਝੋਨੇ ਦੀ ਬਿਜਾਈ ਤੋਂ ਇੱਕ ਮਹੀਨਾ ਜ਼ਿਆਦਾ ਮਿਹਨਤ ਦੀ ਲੋੜ ਹੁੰਦੀ ਹੈ । ਇਹੀ ਕਾਰਨ ਹਨ ਕਿ ਕਿਸਾਨ ਨਰਮੇ ਦੀ ਬਜਾਏ ਝੋਨੇ ਦੀ ਫ਼ਸਲ ਨੂੰ ਤਰਜ਼ੀਹ ਦੇਣ ਲੱਗੇ ਹਨ ।

ਸਾਲ 2023 ਦੌਰਾਨ ਸੂਬੇ ਅੰਦਰ 1.69 ਲੱਖ ਹੈਕਟੇਅਰ ਰਕਬੇ ਵਿੱਚ ਨਰਮੇ ਦੀ ਬਿਜਾਈ ਹੋਈ ਸੀ, ਜਿਹੜੀ ਸਾਲ 2024 ਵਿੱਚ ਘੱਟ ਕੇ 96 ਹਜ਼ਾਰ 300 ਹੈਕਟੇਅਰ ਰਕਬੇ ਵਿੱਚ ਹੀ ਰਹਿ ਗਈ । ਇਸ ਵਾਰ ਖੇਤੀਬਾੜੀ ਵਿਭਾਗ ਨੇ ਸੂਬੇ ਅੰਦਰ ਸਵਾ ਲੱਖ ਹੈਕਟੇਅਰ ਰਕਬੇ ਵਿੱਚ ਨਰਮੇ ਦੀ ਬਿਜਾਈ ਦਾ ਟੀਚਾ ਮਿਥਿਆ ਹੈ । ਸਾਲ 1995-1996 ਵਿੱਚ ਪੰਜਾਬ ਅੰਦਰ ਨਰਮੇ ਹੇਠ 7 ਲੱਖ 42 ਹਜ਼ਾਰ ਹੈਕਟੇਅਰ ਰਕਬਾ ਸੀ, ਪਰ ਹੁਣ ਇਹ ਲਗਾਤਾਰ ਘੱਟ ਰਿਹਾ ਹੈ । ਬਠਿੰਡਾ ਜ਼ਿਲ੍ਹੇ ਵਿੱਚ ਸਾਲ 2023 ਵਿੱਚ 28 ਹਜ਼ਾਰ ਅਤੇ ਸਾਲ 2024 ਵਿੱਚ 14 ਹਜ਼ਾਰ 400 ਹੈਕਟੇਅਰ ਰਕਬੇ ਵਿੱਚ ਹੀ ਹੋ ਸਕੀ ਹੈ । ਫਾਜ਼ਿਲਕਾ ਜ਼ਿਲ੍ਹਾ ਇੱਕ ਅਜਿਹਾ ਜ਼ਿਲ੍ਹਾ ਹੈ, ਜਿੱਥੇ ਸਾਲ 2023 ਅਤੇ ਸਾਲ 2024 ਵਿੱਚ ਨਰਮੇ ਦੀ ਬਿਜਾਈ 50 ਹਜ਼ਾਰ ਹੈਕਟੇਅਰ ਰਕਬੇ ਵਿੱਚ ਹੀ ਹੋਈ ਹੈ ।

ਮਾਨਸਾ ਜ਼ਿਲ੍ਹੇ ਵਿੱਚ ਸਾਲ 2023 ਦੌਰਾਨ 26 ਹਜ਼ਾਰ ਹੈਕਟੇਅਰ ਰਕਬੇ ਵਿੱਚ ਨਰਮੇ ਦੀ ਬਿਜਾਈ ਹੋਈ ਸੀ, ਪਰ ਸਾਲ 2024 ਵਿੱਚ ਘੱਟ ਕੇ 22 ਹਜ਼ਾਰ ਹੈਕਟੇਅਰ ਰਹਿ ਗਈ । ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਸਾਲ 2023 ਦੌਰਾਨ 19 ਹਜ਼ਾਰ ਹੈਕਟੇਅਰ ਵਿੱਚ ਨਰਮੇ ਦੀ ਬਿਜਾਈ ਹੋਈ ਹੈ, ਜਦੋਂਕਿ ਸਾਲ 2024 ਵਿੱਚ ਇਹ 9 ਹਜ਼ਾਰ ਹੈਕਟੇਅਰ ਘੱਟ ਕੇ ਸਿਰਫ 10 ਹਜ਼ਾਰ ਹੈਕਟੇਅਰ ਰਹਿ ਗਈ । ਇਸੇ ਤਰ੍ਹਾਂ ਹੀ ਸੰਗਰੂਰ ਜ਼ਿਲ੍ਹੇ ਅੰਦਰ ਸਾਲ 2024 ਵਿੱਚ 224 ਹੈਕਟੇਅਰ, ਬਰਨਾਲਾ ਵਿੱਚ 440 ਹੈਕਟੇਅਰ, ਫਰੀਦਕੋਟ ਵਿੱਚ 232 ਹੈਕਟੇਅਰ ਅਤੇ ਮੋਗਾ ਜ਼ਿਲ੍ਹੇ ਅੰਦਰ 72.5 ਹੈਕਟੇਅਰ ਰਕਬੇ ਵਿੱਚ ਨਰਮੇ ਦੀ ਬਿਜਾਈ ਹੋਈ ਸੀ ।

ਹੁਣ ਨਰਮੇ ਹੇਠ ਰਕਬਾ ਤਾਂ ਹੀ ਵੱਧ ਸਕਦਾ ਹੈ, ਜੇਕਰ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਰੋਧਕ ਬੀਜ ਕਿਸਾਨਾਂ ਨੂੰ ਦਿੱਤਾ ਜਾਵੇ । ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਨਰਮੇ ਦਾ ਨਵਾਂ ਬੀਜ ਤਿਆਰ ਕਰਨ ਵਿੱਚ ਅਜੇ ਕੁੱਝ ਸਾਲ ਦਾ ਸਮਾਂ ਲੱਗ ਸਕਦਾ ਹੈ । ਮੁੱਖ ਖੇਤੀਬਾੜੀ ਅਧਿਕਾਰੀ ਡਾ. ਜਗਦੀਸ਼ ਸਿੰਘ ਦਾ ਕਹਿਣਾ ਸੀ ਕਿ ਵਿਭਾਗ ਨਰਮੇ ਦੀ ਬਿਜਾਈ ਲਈ ਲਗਾਤਾਰ ਕਿਸਾਨਾਂ ਨੂੰ ਪ੍ਰੇਰਿਤ ਕਰਦਾ ਆ ਰਿਹਾ ਹੈ । ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਨਰਮੇ ਦੇ ਬੀਜ 'ਤੇ 33 ਫੀਸਦੀ ਸਬਸਿਡੀ ਦਿੱਤੀ ਗਈ ਹੈ ।

| ਸਾਲ | ਰਕਬਾ (ਲੱਖ ਹੈਕਟੇਅਰ) |
|---|---|
| 1980-81 | 6.48 |
| 1985-86 | 5.59 |
| 1990-91 | 7.0 |
| 1995-96 | 7.42 |
| 1996-97 | 7.40 |
| 1997-98 | 7.24 |
| 1998-99 | 5.62 |
| 1999-2000 | 4.75 |
| 2000-01 | 4.74 |
| 2001-02 | 6.07 |
| 2002-03 | 4.49 |
| 2003-04 | 4.52 |
| 2004-05 | 5.09 |
| 2005-06 | 5.57 |
| 2006-07 | 6.14 |
| 2007-08 | 6.04 |
| 2008-09 | 5.28 |
| 2009-10 | 5.09 |
| 2010-11 | 4.84 |
| 2011-12 | 5.16 |
| 2012-13 | 4.81 |
| 2013-14 | 4.45 |
| 2014-15 | 4.21 |
| 2015-16 | 3.35 |
| 2016-17 | 2.85 |
| 2017-18 | 2.91 |
| 2018-19 | 2.68 |
| 2019-20 | 2.48 |
| 2020-21 | 3.03 |
| 2021-22 | 2.52 |
| 2022-23 | 2.41 |
| 2023-24 | 1.69 |
| 2024-25 | 0.96 |
| 2025-26 | 1.25 ਦਾ ਟੀਚਾ |

## ਮਾਲਵੇ ਵਿੱਚ ਨਰਮੇ ਦੀ ਬਿਜਾਈ ਸ਼ੁਰੂ

ਮਾਲਵਾ ਖੇਤਰ ਵਿੱਚ ਨਰਮੇ ਦੀ ਬਿਜਾਈ ਸ਼ੁਰੂ ਹੋ ਗਈ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਬਿਜਾਈ ਜ਼ੋਰ ਫੜ ਲਵੇਗੀ । ਇਸ ਵਾਰ ਬਠਿੰਡਾ ਜ਼ਿਲ੍ਹੇ ਅੰਦਰ 18 ਹਜ਼ਾਰ ਹੈਕਟੇਅਰ ਰਕਬੇ ਵਿੱਚ ਨਰਮੇ ਦੀ ਬਿਜਾਈ ਦਾ ਟੀਚਾ ਮਿੱਥਿਆ ਗਿਆ, ਜਦੋਂ ਕਿ ਪਿਛਲੇ ਸਾਲ 14 ਹਜ਼ਾਰ 400 ਹੈਕਟੇਅਰ ਰਕਬੇ ਵਿੱਚ ਹੀ ਨਰਮੇ ਦੀ ਬਿਜਾਈ ਕੀਤੀ ਗਈ ਸੀ । ਪੰਜਾਬ ਸਰਕਾਰ ਨੇ ਨਰਮੇ ਦੀ ਬਿਜਾਈ ਨੂੰ ਉਤਸ਼ਾਹਿਤ ਕਰਨ ਲਈ ਨਰਮੇ ਦੇ ਬੀਜ 'ਤੇ 33 ਫੀਸਦੀ ਸਬਸਿਡੀ ਦੇਣ ਦਾ ਐਲਾਨ ਕੀਤਾ ਹੈ, ਪਰ ਫਿਰ ਵੀ ਟੀਚਾ ਪੂਰਾ ਕਰਨਾ ਸੌਖਾ ਕੰਮ ਨਹੀਂ ਹੈ । ਦੂਜੇ ਪਾਸੇ ਦੂਜੇ ਸੂਬਿਆਂ ਤੋਂ ਆਉਣ ਵਾਲੇ ਗੈਰ-ਮਿਆਰੀ ਨਰਮੇ ਦੇ ਬੀਜਾਂ ਨੂੰ ਰੋਕਣ ਲਈ ਖੇਤੀਬਾੜੀ ਵਿਭਾਗ ਚੌਕਸੀ ਵਰਤ ਰਿਹਾ ਹੈ । ਵਿਭਾਗ ਵੱਲੋਂ ਗੈਰ-ਕਾਨੂੰਨੀ ਬੀਜ ਨੂੰ ਪੰਜਾਬ ਅੰਦਰ ਆਉਣ ਤੋਂ ਰੋਕਣ ਲਈ ਬਣਾਈਆਂ ਟੀਮਾਂ ਲਗਾਤਾਰ ਕੰਮ ਕਰ ਰਹੀਆਂ ਹਨ ।




ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

KHETI DUNIYAN An Exclusive Agri. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com



# ਸਿੰਧ ਜਲ ਸੰਧੀ ਦੇ ਰੱਦ ਹੋਣ ਨਾਲ ਭਾਰਤ ਅਤੇ ਪਾਕਿਸਤਾਨ ਉੱਪਰ ਪੈਣ ਵਾਲੇ ਸੰਭਾਵੀ ਪ੍ਰਭਾਵ

ਡਾ. ਮਨਪ੍ਰੀਤ ਕੌਰ,
ਸਹਾਇਕ ਪ੍ਰੋਫੈਸਰ,
ਅਰਥ ਸ਼ਾਸਤਰ, ਬਾਬਾ ਫਰੀਦ
ਲਾਅ ਕਾਲਜ, ਫਰੀਦਕੋਟ
(ਮੋ. 97791-41063)

ਪਾਕਿਸਤਾਨ ਦੁਆਰਾ ਕੀਤੇ ਪਹਿਲਗਾਮ ਹਮਲੇ ਦੇ ਰੋਸ ਵਿੱਚ ਭਾਰਤ ਨੇ 65 ਸਾਲ ਪੁਰਾਣੀ ਪਾਕਿਸਤਾਨ ਨਾਲ 1960 ਵਿੱਚ ਵਿਸ਼ਵ ਬੈਂਕ ਦੀ ਵਿਚੋਲਗੀ ਨਾਲ ਹੋਈ ਸਿੰਧ ਜਲ ਸੰਧੀ ਨੂੰ ਮੁਅੱਤਲ ਕਰ ਦਿੱਤਾ ਹੈ । ਭਾਰਤ ਵਿੱਚ ਇਹ ਫੈਸਲਾ 65 ਸਾਲਾਂ ਵਿੱਚ ਪਹਿਲੀ ਵਾਰ ਲਿਆ ਗਿਆ ਹੈ। ਇੱਥੋਂ ਤੱਕ ਕਿ ਇਹ ਸੰਧੀ ਭਾਰਤ ਪਾਕਿਸਤਾਨ ਦਰਮਿਆਨ 1965 ਅਤੇ 1971 ਦੀਆਂ ਜੰਗਾਂ ਵੇਲੇ, 1999 ਦੇ ਕਾਰਗਿੱਲ ਦੇ ਯੁੱਧ ਦੌਰਾਨ, 2008 ਦੇ 26/11 ਦੇ ਮੁੰਬਈ ਹਮਲੇ ਸਮੇਂ ਅਤੇ 2019 ਦੇ ਪੁਲਵਾਮਾ ਹਮਲੇ ਵੇਲੇ ਵੀ ਬਰਕਰਾਰ ਰਹੀ ।

ਸਿੰਧ ਜਲ ਸੰਧੀ ਸਿੰਧ ਦਰਿਆ ਪ੍ਰਣਾਲੀ ਵਿਚਲੇ ਪਾਣੀਆਂ ਦੀ ਵੰਡ ਨੂੰ ਲੈ ਕੇ ਦੋਹਾਂ ਦੇਸ਼ਾ ਦਰਮਿਆਨ ਹੋਈ। ਸਿੰਧ ਨਦੀ ਬੇਸਿਨ ਦਾ ਕੁੱਲ ਖੇਤਰਫਲ 1.12 ਮਿਲੀਅਨ ਵਰਗ ਕਿਲੋਮੀਟਰ ਹੈ ਜੋ ਪਾਕਿਸਤਾਨ (47%), ਭਾਰਤ (39%), ਚੀਨ (8%) ਅਤੇ ਅਫ਼ਗਾਨਿਸਤਾਨ (6%) ਵਿੱਚ ਫੈਲਿਆ ਹੋਇਆ ਹੈ । ਸਿੰਧ ਦਰਿਆ ਪ੍ਰਣਾਲੀ ਭਾਰਤ ਵਿੱਚ ਛੇ ਮੁੱਖ ਦਰਿਆ ਸਿੰਧ, ਜੇਹਲਮ, ਚਨਾਬ, ਸਤਲੁਜ, ਰਾਵੀ ਅਤੇ ਬਿਆਸ ਬਣਾਉਂਦੀ ਹੈ । ਪਰ 1947 ਵਿੱਚ ਦੇਸ਼ ਦੀ ਵੰਡ ਉਪਰੰਤ ਜਿੱਥੇ ਪਾਕਿਸਤਾਨ ਵਿਸ਼ਵ ਦੇ ਨਕਸ਼ੇ 'ਤੇ ਇੱਕ ਨਵੇਂ ਦੇਸ਼ ਵਜੋਂ ਹੋਇਆ, ਉੱਥੇ ਪੰਜਾਬ ਦੇ ਵੀ ਦੋ ਟੋਟੇ ਹੋ ਗਏ। ਪੂਰਬੀ (ਚੜ੍ਹਦਾ) ਪੰਜਾਬ ਭਾਰਤ ਦੇ ਹਿੱਸੇ ਆ ਗਿਆ ਅਤੇ ਪੱਛਮੀ (ਲਹਿੰਦਾ) ਪੰਜਾਬ ਪਾਕਿਸਤਾਨ ਕੋਲ ਚਲਾ ਗਿਆ । ਰੈਡਕਲਿਫ਼ ਐਵਾਰਡ ਦੁਆਰਾ ਕਸ਼ਮੀਰ ਨੂੰ ਛੱਡ ਕੇ ਦੋਹਾਂ ਦੇਸ਼ਾਂ ਦਰਮਿਆਨ ਜ਼ਮੀਨ ਦੀ ਹੱਦ-ਬੰਦੀ ਰਜ਼ਾਮੰਦੀ ਨਾਲ ਹੋ ਗਈ ਅਤੇ ਇਸ ਹੱਦ-ਬੰਦੀ ਨਾਲ ਨਹਿਰਾਂ ਅਤੇ ਦਰਿਆਵਾਂ ਦੀ ਵੰਡ ਹੋਣ ਨਾਲ ਸਿੰਧ ਦਰਿਆ ਪ੍ਰਣਾਲੀ ਅੰਤਰਰਾਸ਼ਟਰੀ ਦਰਿਆ ਪ੍ਰਣਾਲੀ ਬਣ ਗਈ । ਹੁਣ ਮਸਲਾ ਦਰਿਆਵਾਂ ਅਤੇ ਨਹਿਰਾਂ ਵਿਚਲੇ ਪਾਣੀ ਦੀ ਵੰਡ 'ਤੇ ਖੜ੍ਹਾ ਹੋ ਗਿਆ। ਸਿੰਧ, ਜਿਹਲਮ ਅਤੇ ਚਨਾਬ ਤਾਂ ਜ਼ਿਆਦਾਤਰ ਮੁੱਖ ਰੂਪ ਵਿੱਚ ਪਾਕਿਸਤਾਨ ਵਿੱਚ ਵਹਿੰਦੇ ਸਨ। ਸਤਲੁਜ, ਰਾਵੀ ਅਤੇ ਬਿਆਸ ਦਾ ਵਹਾਅ ਚੜ੍ਹਦੇ ਪੰਜਾਬ ਤੋਂ ਲਹਿੰਦੇ ਪੰਜਾਬ ਨੂੰ ਸੀ ਅਤੇ ਉਸ ਸਮੇਂ ਇਸ ਪਾਣੀ ਨੂੰ ਵੀ ਪਾਕਿਸਤਾਨ ਜਾਣ ਤੋਂ ਰੋਕਣ ਲਈ ਕੋਈ ਡੈਮ, ਬੈਰਾਜ ਜਾਂ ਹੋਰ ਤਕਨੀਕੀ ਪ੍ਰਬੰਧ ਨਹੀਂ ਸੀ । ਇਸ ਤੋਂ ਇਲਾਵਾ ਵੰਡ ਉਪਰੰਤ ਨਹਿਰਾਂ ਦਾ 80 ਫੀਸਦੀ ਹਿੱਸੇ ਲਹਿੰਦੇ ਪੰਜਾਬ ਨੂੰ ਚਲਾ ਗਿਆ ਅਤੇ ਭਾਰਤੀ ਪੰਜਾਬ ਦੇ ਕੋਲ ਕੇਵਲ 20 ਫੀਸਦੀ ਹਿੱਸਾ ਆਇਆ। ਇਸ ਕਰਕੇ ਪਾਕਿਸਤਾਨ ਤੋਂ ਉੱਜੜ ਕੇ ਆਏ ਪੰਜਾਬੀਆਂ ਨੂੰ ਜਿੱਥੇ ਇੱਕ ਪਾਸੇ ਵੰਡ ਦੀ ਗਹਿਰੀ ਮਾਰ ਪਈ, ਉੱਥੇ ਹੀ ਦੂਸਰੇ ਪਾਸੇ ਅਲਾਟ ਹੋਈਆਂ ਜ਼ਮੀਨਾ ਉੱਪਰ ਖੇਤੀਬਾੜੀ ਲਈ ਪਾਣੀ ਦੀ ਅਣਹੋਂਦ ਕਾਰਨ ਸੋਕੇ ਅਤੇ ਗਰੀਬੀ ਦਾ ਸੰਤਾਪ ਹੰਢਾਉਣਾ ਪਿਆ । ਦੂਸਰੇ ਪਾਸੇ ਪਾਕਿਸਤਾਨ ਪਾਣੀ ਲਈ ਪੂਰੀ ਤਰ੍ਹਾਂ ਭਾਰਤ 'ਤੇ ਨਿਰਭਰ ਸੀ, ਕਿਉਂਕਿ ਪਾਣੀ ਦਾ ਵਹਾਅ ਭਾਰਤ ਤੋਂ ਪਾਕਿਸਤਾਨ ਵੱਲ ਸੀ । ਨਤੀਜੇ ਵਜੋਂ ਦੋਹਾਂ ਦੇਸ਼ਾਂ ਦਰਮਿਆਨ ਦਸੰਬਰ 1947 ਨੂੰ ਇੱਕ ਸਟੈਂਡਸਟਿਲ ਸਮਝੌਤਾ ਹੋਇਆ, ਜਿਸ ਦੇ ਤਹਿਤ ਭਾਰਤ 31 ਮਾਰਚ, 1948 ਤੱਕ ਪਾਕਿਸਤਾਨ ਨੂੰ ਵੰਡ ਤੋਂ ਪਹਿਲਾਂ ਤਹਿ ਕੀਤੇ ਗਏ ਨਿਸ਼ਚਿਤ ਪਾਣੀ ਦਾ ਹਿੱਸਾ ਦੇਵੇਗਾ ਅਤੇ ਅਤੇ ਭਾਰਤ ਪਾਕਿਸਤਾਨ ਨੂੰ ਮਿੱਥੇ ਸਮੇਂ ਤੱਕ ਫਿਰੋਜ਼ਪੁਰ ਹੈਡ ਵਰਕਸ ਤੋਂ ਦੀਪਾਲਪੁਰ ਬ੍ਰਾਂਚ ਅਤੇ ਅੱਪਰ ਬਾਰੀ ਦੁਆਬ ਨਹਿਰ ਰਾਹੀਂ ਪਾਣੀ ਦੀ ਸਪਲਾਈ ਕਰਦਾ ਰਿਹਾ । ਪਰ 1 ਅਪ੍ਰੈਲ, 1948 ਨੂੰ ਸਮਝੌਤੇ ਦੀ ਮਿਆਦ ਪੁੱਗਣ 'ਤੇ ਭਾਰਤ ਨੇ ਪਾਕਿਸਤਾਨ ਨੂੰ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਅਤੇ ਦੂਸਰੇ ਪਾਸੇ ਪਾਕਿਸਤਾਨ ਨੇ ਇੰਨੇ ਸਮੇਂ ਦਰਮਿਆਨ ਪਾਣੀ ਦੇ ਪ੍ਰਬੰਧ ਲਈ ਕੋਈ ਹੋਰ ਬੰਦੋਬਸਤ ਨਾ ਕੀਤਾ। ਉਪਰੰਤ 4 ਮਈ, 1948 ਨੂੰ ਦੋਹਾਂ ਦੇਸ਼ਾਂ ਦਰਮਿਆਨ ਅੰਤਰ-ਡੋਮੀਨੀਅਨ ਦਾ ਦਿੱਲੀ ਸਮਝੌਤਾ ਹੋਇਆ, ਜਿਸ ਦੇ ਤਹਿਤ ਭਾਰਤ ਪਾਕਿਸਤਾਨ ਨੂੰ ਸਲਾਨਾ ਭੁਗਤਾਨ ਦੇ ਬਦਲੇ ਪਾਣੀ ਮੁਹੱਈਆ ਕਰੇਗਾ । 1951 ਵਿੱਚ ਟੇਨੈਸੀ ਵੈਲੀ ਅਥਾਰਟੀ ਦੇ ਸਾਬਕਾ ਚੇਅਰਮੈਨ ਡੇਵਿਡ ਲਿਲੀਨਥਲ ਨੇ ਇਸ ਮੁੱਦੇ 'ਤੇ ਭਾਰਤ ਅਤੇ ਪਾਕਿਸਤਾਨ ਦਾ ਦੌਰਾ ਕੀਤਾ ਅਤੇ ਇਸ ਸਬੰਧੀ ਆਪਣੇ ਲੇਖ ਪ੍ਰਕਾਸ਼ਿਤ ਕੀਤੇ ਅਤੇ ਵਿਸ਼ਵ ਬੈਂਕ ਨੂੰ ਇਸ ਮਸਲੇ ਨੂੰ ਸੁਲਝਾਉਣ ਦਾ ਸੁਝਾਅ ਦਿੱਤਾ । 9 ਸਾਲਾਂ ਦੀ ਗੱਲਬਾਤ ਅਤੇ ਮੀਟਿੰਗਾਂ ਮਗਰੋਂ ਅੰਤ ਵਿਸ਼ਵ ਬੈਂਕ ਦੀ ਵਿਚੋਲਗੀ ਨਾਲ 19 ਸਤੰਬਰ, 1960 ਨੂੰ ਕਰਾਚੀ ਵਿਖੇ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਫੀਲਡ ਮਾਰਸ਼ਲ ਆਯੂਬ ਖਾਨ ਵਿਚਕਾਰ ਸਿੰਧ ਜਲ ਸਮਝੌਤਾ ਹੋਇਆ। ਇਸ ਸਮਝੌਤੇ ਅਨੁਸਾਰ ਸਿੰਧ ਅਤੇ ਇਸ ਦੀਆਂ ਸਹਾਇਕ ਨਦੀਆਂ ਨੂੰ ਪੂਰਬੀ ਅਤੇ ਪੱਛਮੀ ਨਦੀਆਂ ਵਿੱਚ ਵੰਡਿਆ ਗਿਆ। ਪੂਰਬੀ ਨਦੀਆਂ ਸਤਲੁਜ, ਬਿਆਸ ਅਤੇ ਰਾਵੀ ਸਨ, ਪੱਛਮੀ ਨਦੀਆਂ ਜੇਹਲਮ, ਚਨਾਬ ਅਤੇ ਸਿੰਧ ਸਨ । ਇਸ ਸਮਝੌਤੇ ਦੀਆਂ ਵਿਵਸਥਾਵਾਂ ਇਸ ਤਰ੍ਹਾਂ ਹਨ :-

1. ਭਾਰਤ ਨੂੰ ਤਿੰਨ ਪੂਰਵੀ ਨਦੀਆਂ ਦਾ ਕੰਟਰੋਲ ਦੇ ਦਿੱਤਾ ਗਿਆ। ਭਾਰਤ ਇਹਨਾਂ 3 ਨਦੀਆਂ ਦਾ ਪਾਣੀ ਸਿੰਚਾਈ, ਘਰੇਲੂ ਵਰਤੋਂ ਅਤੇ ਬਿਜਲੀ ਬਣਾਉਣ ਲਈ ਕਰ ਸਕਦਾ ਹੈ ।

2. ਪਾਕਿਸਤਾਨ ਨੂੰ 3 ਪੱਛਮੀ ਦਰਿਆਵਾਂ ਸਿੰਧ, ਜੇਹਲਮ ਅਤੇ ਚਨਾਬ ਦੇ ਪਾਣੀ ਵਰਤਣ ਦਾ ਹੱਕ ਦੇ ਦਿੱਤਾ। ਇਸ ਦੇ ਨਾਲ ਹੀ ਭਾਰਤ ਨੂੰ ਇਹਨਾਂ 3 ਦਰਿਆਵਾਂ ਦੇ ਪਾਣੀ ਨੂੰ ਘਰੇਲੂ, ਖੇਤੀਬਾੜੀ ਅਤੇ ਵਹਿੰਦੇ ਪਾਣੀ ਦੇ ਵਹਾਅ ਤੇ ਬਿਜਲੀ ਪੈਦਾ ਕਰਨ ਦਾ ਸੀਮਿਤ ਅਧਿਕਾਰ ਦੇ ਦਿੱਤਾ। ਭਾਰਤ ਨੂੰ ਪੱਛਮੀ ਨਦੀਆਂ ਦੇ ਪਾਣੀ ਦਾ 3.6 ਮਿਲੀਅਨ ਏਕੜ ਫੁੱਟ (ਐਮ. ਏ. ਐਫ) ਪਾਣੀ ਸਟੋਰ ਕਰਨ ਦੀ ਇਜਾਜ਼ਤ ਵੀ ਦਿੱਤੀ ਗਈ ।

**(ਇੱਕ ਏਕੜ ਫੁੱਟ ਤੋਂ ਭਾਵ ਹੈ ਕਿ ਇੱਕ ਏਕੜ ਰਕਬੇ ਵਿੱਚ 1 ਫੁੱਟ ਡੂੰਘਾਈ ਤੱਕ ਪਾਣੀ ਖੜ੍ਹਾ ਕਰਨਾ)**

3. ਸੰਧੀ ਦੇ ਸੁਚੱਜੇ ਪ੍ਰਬੰਧ ਅਤੇ ਰੱਖ-ਰਖਾਵ ਲਈ ਸਥਾਈ ਸਿੰਧ ਕਮਿਸ਼ਨ ਦੀ ਸਥਾਪਨਾ ਕੀਤੀ ਗਈ । ਜਿਸ ਦੇ ਤਹਿਤ ਦੋਵੇਂ ਦੇਸ਼ ਕਿਸੇ ਵੀ ਮਸਲੇ 'ਤੇ ਗੱਲਬਾਤ ਕਰ ਸਕਦੇ ਹਨ, ਇਸ ਲਈ ਸਥਾਨ ਦਾ ਨਿਰੀਖਣ ਵੀ ਕਰ ਸਕਦੇ ਹਨ। ਸੰਧੀ ਦੇ ਤਹਿਤ ਦੋਵਾਂ ਦੇਸ਼ਾਂ ਦੇ ਕਮਿਸ਼ਨਰਾਂ ਦੇ ਮਿਲਣ ਦਾ ਖਾਸ ਪ੍ਰਬੰਧ ਸੀ ।

4. ਸੰਧੀ ਦੇ ਤਹਿਤ ਜੇਕਰ ਕੋਈ ਧਿਰ ਕਿਸੇ ਮੁੱਦੇ 'ਤੇ ਇਤਰਾਜ਼ ਜਤਾਉਂਦੀ ਹੈ ਤਾਂ ਦੂਸਰੀ ਧਿਰ ਇਸ ਲਈ ਜਵਾਬ ਦੇਹ ਹੋਵੇਗੀ ਅਤੇ ਇਸ ਮੁੱਦੇ 'ਤੇ ਮੀਟਿੰਗ ਕਰਕੇ ਮਸਲੇ ਦਾ ਹੱਲ ਲੱਭਣ ਦਾ ਯਤਨ ਕਰਨਗੀਆਂ । ਹੱਲ ਨਾ ਲੱਭਣ ਦੀ ਹਾਲਤ ਵਿੱਚ ਦੋਵੇ ਧਿਰਾਂ ਨਿਰਪੱਖ ਮਾਹਿਰ ਦੀ ਮਦਦ ਲੈ ਸਕਦੀਆਂ ਹਨ । ਇਸ ਦੇ ਬਾਵਜੂਦ ਵੀ ਜੇਕਰ ਮਸਲਾ ਨਹੀਂ ਸੁਲਝਾਇਆ ਜਾਂਦਾ ਤਾਂ ਦੋਵੇ ਦੇਸ਼ ਅੰਤਰਰਾਸ਼ਟਰੀ ਆਰਬੀਟਰੇਸ਼ਨ ਅਦਾਲਤ ਵਿੱਚ ਮੁੱਦਾ ਰੱਖਣਗੀਆਂ ।

ਇਸ ਸੰਧੀ ਦੀਆਂ ਸ਼ਰਤਾਂ ਦੇ ਤਹਿਤ ਭਾਰਤ ਦੇ ਹਿੱਸੇ ਸਤਲੁਜ (14 ਐਮ. ਏ. ਐਫ.), ਰਾਵੀ (7 ਐਮ. ਏ. ਐਫ.) ਅਤੇ ਬਿਆਸ (14 ਐਮ. ਏ. ਐਫ.) ਦੇ ਤਿੰਨ ਦਰਿਆਵਾਂ ਦਾ ਕੁੱਲ 35 ਐਮ. ਏ. ਐਫ. ਆਇਆ ਹੈ । ਦੂਸਰੇ ਪਾਸੇ ਪਾਕਿਸਤਾਨ ਨੂੰ ਜਿਹਲਮ (23 ਐਮ. ਏ. ਐਫ.), ਚਨਾਬ (23 ਐਮ. ਏ. ਐਫ) ਅਤੇ ਸਿੰਧ (90 ਐਮ. ਏ. ਐਫ.) ਦਰਿਆ ਦਾ ਕੁੱਲ 135 ਐਮ. ਏ. ਐਫ. ਪਾਣੀ ਹਿੱਸੇ ਆਇਆ, ਜਿਸ ਵਿੱਚੋਂ 3.6 ਐਮ.ਏ.ਐਫ. ਭਾਰਤ ਵੱਲ ਸਟੋਰ ਕਰਨ ਦਾ ਅਧਿਕਾਰ ਸੀ ਅਤੇ ਪਾਕਿਸਤਾਨ ਨੂੰ ਇਸ ਤਰ੍ਹਾਂ 132.4 ਐਮ. ਏ. ਐਫ. ਪਾਣੀ ਮਿਲਿਆ। ਇਸ ਤਰ੍ਹਾਂ ਭਾਰਤ ਨੂੰ ਸੰਧੀ ਦੇ ਅਨੁਸਾਰ ਕੁੱਲ ਪਾਣੀ ਦਾ 22 ਫੀਸਦੀ ਹਿੱਸਾ ਅਤੇ ਪਾਕਿਸਾਨ ਨੂੰ 78 ਫੀਸਦੀ ਹਿੱਸਾ ਮਿਲਿਆ । ਪਾਣੀ ਦੀ ਇਹ ਗੈਰ-ਬਰਾਬਰ ਵੰਡ ਕਰਨ 'ਤੇ ਇਹ ਪਹਿਲੂ ਰੱਖਿਆ ਗਿਆ ਕਿ ਭਾਰਤ ਕੋਲ ਵੰਡ ਤੋਂ ਬਾਅਦ 19 ਫੀਸਦੀ ਹਿੱਸਾ (50 ਲੱਖ ਏਕੜ ਜਮੀਨ) ਜਦਕਿ ਪਾਕਿਸਤਾਨ ਕੋਲ 81 ਫੀਸਦੀ ਹਿੱਸਾ (2.10 ਕਰੋੜ ਏਕੜ ਰਕਬਾ) ਸਿੰਚਾਈ ਅਧੀਨ ਸੀ ।

ਹੁਣ ਇਸ ਸੰਧੀ ਦੇ ਰੱਦ ਹੋਣ 'ਤੇ ਭਾਰਤ ਅਤੇ ਪਾਕਿਸਤਾਨ ਆਪਣਾ ਆਪਣਾ ਪੱਖ ਦਰਸਾਅ ਰਹੇ ਹਨ । ਜੇਕਰ ਪਾਕਿਸਤਾਨ 'ਤੇ ਪੈਣ ਵਾਲੇ ਪ੍ਰਭਾਵਾਂ ਦੀ ਗੱਲ ਕਰੀਏ ਤਾਂ ਪਾਕਿਸਤਾਨ ਸਿੰਧ ਦਰਿਆ ਪ੍ਰਣਾਲੀ ਦਾ ਹੇਠਲਾ ਰਿਪੇਰੀਅਨ ਇਲਾਕਾ ਅਰਥਾਤ ਪਾਣੀ ਦਾ ਵਹਾਅ ਭਾਰਤ ਤੋਂ ਪਾਕਿਸਤਾਨ ਵੱਲ ਹੋਣ ਕਾਰਨ ਇਸ ਨੂੰ ਸੰਧੀ ਦੇ ਰੱਦ ਹੋਣ ਕਾਰਨ ਗਹਿਰੇ ਪ੍ਰਭਾਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ । ਪਾਕਿਸਤਾਨ ਇੱਕ ਖੇਤੀਬਾੜੀ ਪ੍ਰਧਾਨ ਮੁਲਕ ਹੈ, ਜਿਸ ਦੀ 80 ਫੀਸਦੀ ਜਮੀਨ (16 ਮਿਲੀਅਨ ਹੈਕਟੇਅਰ) ਸਿੰਚਾਈ ਲਈ ਸਿੰਧ ਦਰਿਆ ਪ੍ਰਣਾਲੀ 'ਤੇ ਨਿਰਭਰ ਹੈ । ਦੂਸਰੇ ਪਾਸੇ ਸਿੰਧ ਦਰਿਆ ਪ੍ਰਣਾਲੀ ਦੇ ਪਾਣੀ ਦਾ 90 ਫੀਸਦੀ ਹਿੱਸਾ ਖੇਤੀਬਾੜੀ ਵਾਸਤੇ ਵਰਤਿਆ ਜਾਂਦਾ ਹੈ। ਪਾਕਿਸਤਾਨ ਦਾ ਖੇਤੀ ਖੇਤਰ ਰਾਸ਼ਟਰੀ ਆਮਦਨ ਵਿੱਚ 23 ਫੀਸਦੀ ਯੋਗਦਾਨ ਪਾਉਂਦਾ ਹੈ । ਪਾਕਿਸਤਾਨੀ ਅਰਥ ਵਿਵਸਥਾ ਦੀ 68 ਫੀਸਦੀ ਆਬਾਦੀ ਸਿੱਧੇ ਅਤੇ ਅਸਿੱਧੇ ਤੌਰ ਤੇ ਖੇਤੀਬਾੜੀ ਅਤੇ ਸਹਾਇਕ ਧੰਦਿਆਂ 'ਤੇ ਨਿਰਭਰ ਕਰਦੀ ਹੈ । ਇਸ ਤਰ੍ਹਾਂ ਸਿੰਧ ਨਦੀ ਪ੍ਰਣਾਲੀ ਪਾਕਿਸਤਾਨ ਵਿੱਚ ਅੰਨ ਦੀ ਪੈਦਾਵਾਰ, ਖਾਧ ਸੁਰੱਖਿਆ ਅਤੇ ਪੇਂਡੂ ਅਰਥ ਵਿਵਸਥਾ ਵਿੱਚ ਇੱਕ ਬਹੁਤ ਹੀ ਅਹਿਮ ਯੋਗਦਾਨ ਪਾਉਂਦੀ ਹੈ । ਸ਼ਹਿਰੀ ਖੇਤਰ ਵਿੱਚ ਪਾਕਿਸਤਾਨ ਦੇ ਕਰਾਚੀ, ਲਾਹੌਰ ਅਤੇ ਮੁਲਤਾਨ ਵਰਗੇ ਆਰਥਿਕ ਅਤੇ ਰਾਜਨੀਤਿਕ ਪੱਖ ਤੋਂ ਅਹਿਮ ਸਥਾਨ ਰੱਖਣ ਵਾਲੇ ਸ਼ਹਿਰ ਵੀ ਆਪਣੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਇਸ ਦਰਿਆ ਪ੍ਰਣਾਲੀ 'ਤੇ ਨਿਰਭਰ ਹਨ। ਪਣ-ਬਿਜਲੀ ਉਤਪਾਦਨ ਵਿੱਚ ਪਾਕਿਸਤਾਨ ਦੇ ਮੰਗਲਾ ਪ੍ਰੋਜੈਕਟ ਅਤੇ ਤਰਬੇਲਾ ਪ੍ਰੋਜੈਕਟ ਵੀ ਇਸੇ ਦਰਿਆ ਪ੍ਰਣਾਲੀ ਦੀ ਦੇਣ ਹਨ । ਇਸ ਤਰ੍ਹਾਂ ਸਿੰਧ ਦਰਿਆ ਪ੍ਰਣਾਲੀ ਦੇ ਮੁਅੱਤਲ ਹੋਣ ਨਾਲ ਪਾਕਿਸਤਾਨੀ ਆਰਥਿਕਤਾ ਦਾ ਆਮ ਜਨ-ਜੀਵਨ ਖੇਤੀ, ਉਦਯੋਗਿਕ, ਵਪਾਰਿਕ ਅਤੇ ਬਿਜਲੀ ਉਤਪਾਦਨ ਵਰਗੇ ਮਹੱਤਵਪੂਰਨ ਖੇਤਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੇ ਹਨ ਅਤੇ ਪਾਕਿਸਤਾਨੀ ਅਰਥ ਵਿਵਸਥਾ ਨੂੰ ਬੁਰੀ ਤਰ੍ਹਾਂ ਢਾਹ ਲੱਗ ਸਕਦੀ ਹੈ ।

ਦੂਸਰੇ ਪਾਸੇ ਇਸ ਸੰਧੀ ਦੇ ਰੱਦ ਹੋਣ 'ਤੇ ਭਾਰਤ ਦਾ ਪ੍ਰਤੀਕਰਮ ਦੇਖਿਆ ਜਾਵੇ ਤਾਂ ਸੰਧੀ ਦੇ ਰੱਦ ਹੋਣ 'ਤੇ ਭਾਰਤ ਵਿੱਚ ਪਾਣੀ ਦੀ ਕਮੀ ਨੂੰ ਪੂਰਾ ਕੀਤਾ ਜਾ ਸਕਦਾ ਹੈ ਅਤੇ ਪਾਕਿਸਤਾਨ ਨਾਲ ਵਿਵਾਦਾਂ ਵਿੱਚ ਚੱਲ ਰਹੇ ਕਿਸ਼ਨ ਗੰਗਾ ਬਿਜਲੀ ਪ੍ਰੋਜੈਕਟ, ਰੇਤਲੇ ਪ੍ਰੋਜੈਕਟ ਅਤੇ ਬਗਲੀਹਾਰ ਪ੍ਰੋਜੈਕਟ ਆਦਿ ਉੱਪਰ ਨਿਰੰਤਰ ਬਿਜਲੀ ਦਾ ਉਤਪਾਦਨ ਕੀਤਾ ਜਾ ਸਕਦਾ ਹੈ । ਇਸ ਤੋਂ ਇਲਾਵਾ ਭਾਰਤ ਵਹਿੰਦੇ ਪਾਣੀ ਦੇ ਵਹਾਅ ਦੀ ਬਜਾਏ ਸਟੋਰ ਕੀਤੇ ਪਾਣੀ ਤੋਂ ਬਿਜਲੀ ਪੈਦਾ ਕਰ ਸਕੇਗਾ । ਪਰ ਦੂਸਰੇ ਪਾਸੇ ਭਾਰਤ ਨੂੰ ਇਹਨਾਂ ਨਦੀਆਂ ਦਾ ਪਾਣੀ ਪਾਕਿਸਤਾਨ ਵਿੱਚ ਜਾਣ ਤੋਂ ਰੋਕਣ ਲਈ ਅਤੇ ਜਲ ਭੰਡਾਰਨ ਲਈ ਡੈਮ ਅਤੇ ਬੈਰਾਜ ਬਣਾਉਣੇ ਪੈਣਗੇ । ਜਿਸ ਵਿੱਚ ਭਾਰਤ ਨੂੰ ਸੁਚੱਜੀ ਤਕਨੀਕੀ ਸਹਾਇਤਾ, ਚੰਗੇ ਇੰਜੀਨੀਅਰਿੰਗ ਅਤੇ ਸੰਰਚਨਾਤਮਕ ਢਾਂਚੇ ਅਤੇ ਵਿਸ਼ਾਲ ਵਿੱਤੀ ਪ੍ਰਬੰਧਾਂ ਦੀ ਲੋੜ ਪਵੇਗੀ। ਪੱਛਮੀ ਦਰਿਆਵਾਂ ਦੇ ਪਾਣੀ ਨੂੰ ਵਰਤੋਂ ਅਨੁਸਾਰ ਵਰਤਣ ਅਤੇ ਇਸ ਦੇ ਭੰਡਾਰਨ ਕਾਰਜਾਂ ਲਈ ਸੁਚੱਜੀ ਅਤੇ ਕੁਸ਼ਲ ਯੋਜਨਾਬੰਦੀ ਦੀ ਜ਼ਰੂਰਤ ਹੈ, ਨਹੀਂ ਤਾਂ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਆਦਿ ਇਲਾਕਿਆਂ ਵਿੱਚ ਹੜ੍ਹਾਂ ਦੀ ਸਥਿਤੀ ਦਾ ਖਤਰਾ ਪੈਦਾ ਹੋ ਸਕਦਾ ਹੈ । ਇਸ ਤੋਂ ਇਲਾਵਾ ਡੈਮ, ਬੈਰਾਜ ਜਾਂ ਜਲ ਭੰਡਾਰਨ ਵਿੱਚ ਭਾਰਤ ਨੂੰ ਅਨੇਕਾਂ ਸਾਲ ਲੱਗ ਸਕਦੇ ਹਨ । ਰਾਵੀ ਜੋ ਕਿ ਤੁਲਨਾਤਮਕ ਇੱਕ ਬਹੁਤ ਛੋਟਾ ਦਰਿਆ ਹੈ ਅਤੇ ਇਸ ਦਾ ਪਾਣੀ ਪੂਰਨ ਤੌਰ 'ਤੇ ਪਾਕਿਸਤਾਨ ਵਿੱਚ ਜਾਣ ਤੋਂ ਰੋਕਣ ਲਈ ਭਾਰਤ ਨੂੰ ਸ਼ਾਹਪੁਰ ਕੰਡੀ ਡੈਮ ਬਣਾਉਣ ਲਈ ਕਈ ਸਾਲ ਲੱਗੇ ਹਨ ਤਾਂ ਸਿੰਧ ਵਰਗੇ ਇੱਕ ਵਿਸ਼ਾਲ ਦਰਿਆ ਦਾ ਪਾਣੀ ਰੋਕਣ ਲਈ ਡੈਮ ਬਣਾਉਣ 'ਤੇ ਕਿੰਨਾ ਪੈਸਾ ਅਤੇ ਸਮਾਂ ਲੱਗੇਗਾ, ਇਸ ਦੀ ਰੂਪ ਰੇਖਾ ਤਿਆਰ ਕਰਨੀ ਬਹੁਤ ਜ਼ਰੂਰੀ ਹੈ ।

ਅੰਤ ਵਿੱਚ ਦੋਹਾਂ ਦੇਸ਼ਾਂ ਵਿੱਚ ਸ਼ਾਂਤੀ ਦਾ ਮਾਹੌਲ ਬਣਾਈ ਰੱਖਣ ਲਈ ਇਸ ਮਸਲੇ ਨੂੰ ਵਿਚਾਰਨ ਦੀ ਲੋੜ ਹੈ । ਪਾਕਿਸਤਾਨ ਵੱਲੋਂ ਅੱਤਵਾਦ ਨੂੰ ਕੰਟਰੋਲ ਕਰਨ ਅਤੇ ਅਰਥਵਿਵਸਥਾ ਨੂੰ ਬਚਾਉਣ ਲਈ ਸਕਾਰਾਤਮਕ ਗੱਲਬਾਤ ਲਈ ਅਤੇ ਆਪਸੀ ਸਮਝੌਤੇ ਲਈ ਅੱਗੇ ਆਉਣ ਦੀ ਲੋੜ ਹੈ, ਤਾਂ ਜੋ ਅੰਤਰਰਾਸ਼ਟਰੀ ਪੱਧਰ 'ਤੇ ਰਾਜਨੀਤਿਕ ਅਤੇ ਆਰਥਿਕ ਤੌਰ 'ਤੇ ਹਰ ਇੱਕ ਮੁਲਕ ਵਿੱਚ ਸ਼ਾਂਤੀ ਅਤੇ ਵਿਕਾਸ ਦਾ ਮਾਹੌਲ ਬਣ ਸਕੇ ।

RNI Regd. No. PUNPUN00806 (42269/83)



## ਕਹਿਣ ਸਿਆਣੇ ਬਰਕਤ ਹੁੰਦੀ, ਨੇਕ ਕਮਾਈ ਦੀ, ਜਿਹੜੀ ਧਰਤੂ ਦਾ ਖਾਈਏ, ਉਹਨੂੰ ਅੱਗ ਨਹੀਂ ਲਾਈਦੀ।

# ਕਣਕ ਦੇ ਨਾੜ ਨੂੰ ਅੱਗ ਲਗਾਉਣ ਦੇ ਨੁਕਸਾਨ

- ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ।
- ਬਹੁਤ ਸਾਰੀਆਂ ਪ੍ਰਜਾਤੀਆਂ ਦੇ ਮਿੱਤਰ ਕੀੜੇ ਮਰ ਜਾਂਦੇ ਹਨ।
- ਫਸਲਾਂ ਨੂੰ ਵੱਧ ਬਿਮਾਰੀਆਂ ਲੱਗਦੀਆਂ ਹਨ ਜਿਸਨੂੰ ਕਾਬੂ ਕਰਨ ਲਈ ਜ਼ਿਆਦਾ ਜ਼ਹਿਰਾਂ ਦਾ ਛਿੜਕਾਅ ਕਰਨਾ ਪੈਂਦਾ ਹੈ। ਇਹ ਜ਼ਹਿਰਾਂ ਵਾਤਾਵਰਨ ਨੂੰ ਹੋਰ ਵੀ ਵਧੇਰੇ ਪਲੀਤ ਕਰਦੀਆਂ ਹਨ।
- ਵਾਤਾਵਰਨ ਵਿੱਚ ਫੈਲਦਾ ਜ਼ਹਿਰੀਲਾ ਧੂੰਆਂ ਅੱਖਾਂ ਅਤੇ ਫੇਫੜਿਆਂ ਦੀਆਂ ਗੰਭੀਰ ਬਿਮਾਰੀਆਂ ਕਾਰਨ ਬਣਦਾ ਹੈ।

# ਮਾਲਵਾ ਪੱਟੀ ਵਿੱਚ ਮੀਂਹ ਕਾਰਨ ਨਰਮਾ ਕਰੰਡ

## ਖੇਤੀ ਵਿਭਾਗ ਦੇ ਮਾਹਿਰਾਂ ਵੱਲੋਂ ਕਿਸਾਨਾਂ ਨੂੰ ਨਰਮੇ ਦੀ ਕਰੰਡ ਭੰਨਣ ਦੀ ਸਲਾਹ



ਪਿੰਡ ਗੁਰਨੇ ਕਲਾਂ ਵਿੱਚ ਨਰਮੇ ਦੀ ਕਰੰਡ ਭੰਨਦੇ ਹੋਏ ਕਿਸਾਨ ।

ਮਾਲਵਾ ਖੇਤਰ ਵਿੱਚ ਹਾਲ ਹੀ ਵਿੱਚ ਪਏ ਮੀਂਹ ਕਾਰਨ ਸੈਂਕੜੇ ਏਕੜ ਨਰਮਾ ਕਰੰਡ ਹੋ ਗਿਆ ਹੈ । ਕਰੰਡ ਹੋਇਆ ਇਹ ਨਰਮਾ ਕਿਸਾਨਾਂ ਨੂੰ ਮੁੜ ਬੀਜਣਾ ਪੈ ਸਕਦਾ ਹੈ । ਖੇਤੀਬਾੜੀ ਵਿਭਾਗ ਨੇ ਕਿਸਾਨਾਂ ਨੂੰ ਨਰਮੇ ਦੀ ਕਰੰਡ ਭੰਨਣ ਦੀ ਸਲਾਹ ਦਿੱਤੀ ਹੈ ਤਾਂ ਜੋ ਫ਼ਸਲ ਨੂੰ ਮੁੜ ਬੀਜਣ ਦੇ ਝਮੇਲੇ ਤੋਂ ਬਚਿਆ ਜਾ ਸਕੇ । ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀਬਾਘਾ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਆਗੂ ਦਰਸ਼ਨ ਸਿੰਘ ਗੁਰਨੇ ਕਲਾਂ ਨੇ ਦੱਸਿਆ ਕਿ ਮਾਨਸਾ ਨੇੜਲੇ ਪਿੰਡਾਂ ਵਿੱਚ ਮੀਂਹ ਨੇ ਕਿਸਾਨਾਂ ਦੀ ਤਾਜ਼ਾ ਬੀਜੀ ਨਰਮੇ ਦੀ ਫ਼ਸਲ ਨੂੰ ਕਰੰਡ ਕਰ ਦਿੱਤਾ ਹੈ । ਇਸੇ ਤਰ੍ਹਾਂ ਪਿੰਡ ਫਫੜੇ ਭਾਈਕੇ ਦੇ ਸਾਬਕਾ ਸਰਪੰਚ ਇਕਬਾਲ ਸਿੰਘ ਨੇ ਦੱਸਿਆ ਕਿ ਇਲਾਕੇ ਵਿੱਚ ਹਲਕੇ ਅਤੇ ਦਰਮਿਆਨੇ ਮੀਂਹ ਨੇ ਕਿਸਾਨਾਂ ਦਾ ਨਵਾਂ ਬੀਜਿਆ ਮਹਿੰਗੇ ਭਾਅ ਦਾ ਬੀ. ਟੀ. ਨਰਮਾ ਉੱਗਣ ਤੋਂ ਪਹਿਲਾਂ ਹੀ ਦੱਬ ਲਿਆ । ਮਾਨਸਾ ਦੇ ਮੁੱਖ ਖੇਤੀਬਾੜੀ ਅਫਸਰ ਡਾ. ਹਰਪ੍ਰੀਤ ਪਾਲ ਕੌਰ ਨੇ ਦੱਸਿਆ ਕਿ ਪਿਛਲੇ ਦਿਨਾਂ ਦੌਰਾਨ ਲਗਾਤਾਰ ਪਏ ਤੇਜ਼ ਮੀਂਹ ਕਾਰਨ ਪ੍ਰਭਾਵਿਤ ਹੋਏ ਨਰਮੇ ਦੇ ਰਕਬੇ ਦਾ ਬਲਾਕ ਬੁਢਲਾਡਾ ਦੀਆਂ ਟੀਮਾਂ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਨਿਰੀਖਣ ਕੀਤਾ ਗਿਆ ਹੈ । ਉਨ੍ਹਾਂ ਦੱਸਿਆ ਕਿ ਕੁਝ ਖੇਤਾਂ ਵਿੱਚ ਨਰਮੇ ਦਾ ਬੂਟਾ ਬਾਹਰ ਨਿਕਲਣ ਦੀ ਸੂਰਤ ਵਿੱਚ ਸੀ ਅਤੇ ਉਸ ਸਮੇਂ ਦੌਰਾਨ ਹੀ ਮੀਂਹ ਪੈ ਗਿਆ । ਉਨ੍ਹਾਂ ਸਬੰਧਤ ਕਿਸਾਨਾਂ ਨੂੰ ਨਰਮੇ ਦੀ ਕਰੰਡ ਭੰਨਣ ਦੀ ਸਲਾਹ ਦਿੱਤੀ ਅਤੇ ਬਾਕੀ ਜੋ ਤਾਜ਼ੀ ਬਿਜਾਈ ਬਰਸਾਤ ਕਾਰਨ ਪ੍ਰਭਾਵਿਤ ਹੋ ਗਈ ਸੀ, ਉਸ ਸਬੰਧੀ ਕਿਸਾਨਾਂ ਨੂੰ ਖੇਤ ਵੱਤਰ ਆਉਣ 'ਤੇ ਦੁਬਾਰਾ ਬਿਜਾਈ ਕਰਨ ਲਈ ਪ੍ਰੇਰਿਤ ਕੀਤਾ ਗਿਆ । ਇਸੇ ਦੌਰਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਬਠਿੰਡਾ ਸਥਿਤ ਖੇਤਰੀ ਖੋਜ ਕੇਂਦਰ ਦੇ ਵਿਗਿਆਨੀ ਡਾ. ਗੁਰਜਿੰਦਰ ਸਿੰਘ ਰੋਮਾਣਾ ਨੇ ਦੱਸਿਆ ਕਿ ਨਰਮੇ ਦੀ ਕਰੰਡ ਭੰਨੀ ਜਾ ਸਕਦੀ ਹੈ ਅਤੇ ਕਿਸਾਨਾਂ ਨੂੰ ਘਬਰਾਉਣ ਦੀ ਲੋੜ ਨਹੀਂ ।



# ਸੀਨਾ ਮੇਰਾ ਸਾੜ ਕੇ

ਹਰਦੇਵ ਸਿੰਘ ਭੁੱਲਰ,
ਪਿੰਡ ਮਸਤੇ ਵਾਲਾ (ਜ਼ੀਰਾ)
ਮੋ. 94173-19048

ਕਿਹੜੇ ਜਨਮਾਂ ਦਾ ਕੱਢਦੇ ਜੇ ਤੁਸੀਂ ਵੈਰ ਪੁੱਤਰੋ ।
ਸੀਨਾ ਮੇਰਾ ਸਾੜ ਕੇ ਫੈਲਾਉਂਦੇ ਜ਼ਹਿਰ ਪੁੱਤਰੋ ।
ਕਿਹੜੇ ਜਨਮਾਂ ਦਾ... ॥
ਹਾੜੀ ਅਤੇ ਸਾਉਣੀ ਲਾਂਬੂ ਮੈਨੂੰ ਲਾਉਂਦੇ ।
ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਮਚਾਉਂਦੇ ॥
ਮੇਰੇ ਆਪਣੇ ਹੀ ਬਣ ਗਏ ਨੇ ਗੈਰ-ਪੁੱਤਰੋ ।
ਕਿਹੜੇ ਜਨਮਾਂ ਦਾ... ॥
ਸੀਨਾ ਮੇਰਾ ਸਾੜ ਕੇ... ॥
ਪਿੱਪਲਾਂ ਤੇ ਬੋਹੜਾਂ ਦੀਆਂ ਛਾਵਾਂ ਲੂਹ ਸੁੱਟੀਆਂ ।
ਠੰਢੀਆਂ ਜੋ ਸੀਤ ਸੀ ਹਵਾਵਾਂ ਲੂਹ ਸੁੱਟੀਆਂ ॥
ਐਨਾ ਕਿਉਂ ਕਮਾਉਂਦੇ ਤੁਸੀਂ ਕਹਿਰ ਪੁੱਤਰੋ ।
ਕਿਹੜੇ ਜਨਮਾਂ ਦਾ... ॥
ਸੀਨਾ ਮੇਰਾ ਸਾੜ ਕੇ... ॥
ਜ਼ਹਿਰੀ ਸਪਰੇਆਂ ਛੜਕਾਉਣ ਲੱਗ ਪਏ ।
ਖਾਦਾਂ ਪਾ ਕੇ ਝਾੜ ਨੂੰ ਵਧਾਉਣ ਲੱਗ ਪਏ ।
ਭਵਿੱਖ ਵਿੱਚ ਨਹੀਂ ਥੋੜੀ ਕਦੇ ਖੈਰ ਪੁੱਤਰੋ ।
ਕਿਹੜੇ ਜਨਮਾਂ ਦਾ... ॥
ਸੀਨਾ ਮੇਰਾ ਸਾੜ ਕੇ... ॥
ਹੋ ਗਿਆ ਏ ਖਾਰਾ ਠੰਢਾ ਮਿੱਠਾ ਸੀ ਜੋ ਪਾਣੀ ।
ਪੰਛੀ ਮੁੱਕ ਚੱਲੇ ਉਦਾਸ ਕੱਲੀ-ਕੱਲੀ ਟਾਹਣੀ ॥
ਸੱਚ ਲਿਖੇ 'ਮਸਤੇ ਵਾਲਾ' ਸ਼ਾਇਰ ਪੁੱਤਰੋ ।
ਕਿਹੜੇ ਜਨਮਾਂ ਦਾ... ॥
ਸੀਨਾ ਮੇਰਾ ਸਾੜ ਕੇ... ॥